-ਪੈਦਲ ਚੁਰਾਹਿਆਂ ਦੀ ਸੁਰੱਖਿਆ ਯਕੀਨੀ ਬਣਾ ਕੇ

-ਸੁਰੱਖਿਅਤ ਸਾਈਕਲ ਮਾਰਗਾਂ ਦੇ ਉਦੇਸ਼ ਨੂੰ ਮੁੱਖ ਰੱਖਿਆ ਜਾਇਗਾ ਇਸ ਦੇ ਨਾ਼ਲ-ਨਾ਼ਲ ਜ਼ੂਮ ਟ੍ਰਾਂਜ਼ਿਟ ਦੇ 3 ਕਿ.ਮੀ. ਦੇ ਅੰਦਰ-ਅੰਦਰ, ਮਨੋਰੰਜਨ ਕੇਂਦਰਾਂ ਅਤੇ ਸਕੂਲਾਂ ਵਿੱਚ ਬਾਈਸਾਈਕਲਾਂ ਦੀ ਪਾਰਕਿੰਗ ਦਾ ਪਰਬੰਧ ਕੀਤਾ ਜਾਇਗਾ। ਭੀੜ ਭੜੱਕਿਆਂ ਦੇ ਜਾਮਾਂ ਅਤੇ ਗਰੀਬੀ ਨੂੰ ਖਤਮ ਕਰਨ ਲਈ ਅਸਰਦਾਰ ਅਤੇ ਪਹੁੰਚ ਵਾ਼ਲੇ ਟ੍ਰਾਂਜ਼ਿਟ ਦਾ ਹੋਣਾ ਬਹੁਤ ਹੀ ਮਹੱਤਵ ਪੂਰਨ ਹੈ। ਹਰ ਰੋਜ ਹੋਰ ਤੇ ਹੋਰ ਤੇ ਹੋਰ ਬਰੈਂਪਟਨ ਨਿਵਾਸੀ ਪਬਲਿਕ ਟ੍ਰਾਂਜ਼ਿਟ ਵੱਲ ਮੋੜਾ ਕੱਟ ਰਹੇ ਹਨ ਅਤੇ ਹੋਰ ਵੱਧ ਟ੍ਰਾਂਜ਼ਿਟ ਸੇਵਾਵਾਂ ਮੰਗ ਰਹੇ ਹਨ। ਮੈਂ ਤੁਹਾਡੇ ਨਾ਼ਲ ਪੂਰੀ ਸਹਿਮਤ ਹਾਂ। ਸਾਡੇ ਇਸ ਮਹਾਨ ਸਿਟੀ ਵਿੱਚ ਮੈਂਟ੍ਰਾਂਜ਼ਿਟ ਵਧਾਉਣ ਦੇ ਇਕਰ-ਾਰ ਉੱਤੇ ਸਦਾ ਪਹਿਰਾ ਦਿੰਦੀ ਰਹਾਂਗੀ। ਅੱਗੇ, ਹੋਰ ਅੱਗੇ ਵਧਣਾ ਹੀ ਜੀਵਨ ਹੈ!

## ਯੂ ਐਨ ਦੇ ਮੁਖੀ ਨੇ ਪੇਂਡੂ ਔਰਤਾਂ ਦੇ ਹੱਕਾਂ ਦੀ ਰਾਖੀ ਦੇ ਲਈ ਜ਼ੋਰ ਦਿਤਾ

ਯੂ ਐਨ, 17 ਅਕਤੂਬਰ (ਪੋਸਟ ਬਿਊਰੋ)- ਯੂ ਐਨ ਦੇ ਸੈਕਟਰੀ ਜਨਰਲ ਐਂਟੋਨੀਓ ਗੁਤਰਸ ਨੇ ਪੇਂਡੂ ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ਦੀ ਰੱਖਿਆ ਦੀ ਅਪੀਲ ਕੀਤੀ ਤੇ ਸਾਰੇ ਦੇਸ਼ਾਂ ਲਈ ਖੁਸ਼ਹਾਲ, ਜਾਇਜ਼ ਅਤੇ ਸ਼ਾਂਤੀਪੂਰਨ ਭਵਿੱਖ ਬਣਾਉਣ ਲਈ ਗੁਤਰਸ ਨੇ ਪੇਂਡੂ ਔਰਤਾਂ ਅਤੇ ਲੜਕੀਆਂ ਦੇ ਸਸ਼ਕਤੀਕਰਨ ਨੂੰ ਜ਼ਰੂਰੀ ਦੱਸਿਆ। ਇਹ ਗੱਲ ਉਨ੍ਹਾਂ ਨੇ ਕੱਲ੍ਹ ਅੰਤਰਰਾਸ਼ਟਰੀ ਪੇਂਡੂ ਮਹਿਲਾ ਦਿਵਸ ਦੇ ਮੌਕੇ ਕਹੀ।

ਸਿਨਹੂਆ ਨਿਊਜ਼ ਏਜੰਸੀ ਮੁਤਾ-ਬਕ ਯੂ ਐਨ ਮੁਖੀ ਨੇ ਸਾਰੇ ਦੇਸ਼ਾਂ ਨੂੰ ਪੇਂਡੂ ਔਰਤਾਂ ਅਤੇ ਲੜਕੀਆਂ ਦੇ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਪੂਰੀ ਤਰ੍ਹਾਂ ਨਾਲ ਆਪਣਾ ਜੀਵਨ ਮਨੁੱਖੀ ਅਧਿਕਾਰਾਂ ਦੇ ਤਹਿਤ ਜੀਅ ਸਕਣ। ਉਨ੍ਹਾਂ ਕਿਹਾ ਕਿ ਔਰਤਾਂ 'ਤੇ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਹਿੰਸਾ ਅਤੇ ਭੇਦਭਾਵ ਖਤਮ ਕਰਨ ਲਈ ਉਨ੍ਹਾਂ ਨੂੰ ਗੁਣਵੱਤਾ, ਕਿਫਾਇਤੀ ਤੇ ਸੁਲਭ ਸਿੱਖਿਆ ਦੀ ਲੋੜ ਹੈ। ਇਸ ਲਈ ਨਿਵੇਸ਼, ਕਾਨੂੰਨੀ, ਨੀਤੀਗਤ ਸੁਧਾਰਾਂ ਦੇ ਨਾਲ ਪੇਂਡੂ ਔਰਤਾਂ ਨੂੰ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ 'ਚ ਸ਼ਾਮਲ ਕਰਨ ਦੀ ਲੋੜ ਹੈ। ਪਹਿਲੀ ਵਾਰੀ ਕੌਮਾਂਤਰੀ ਪੇਂਡੂ ਮਹਿਲਾ ਦਿਵਸ 15 ਅਕਤੂਬਰ 2008 ਨੂੰ ਮਨਾਇਆ ਗਿਆ ਸੀ।

## ਵੋਟਰਾਂ ਨੂੰ ਭਰਮਾਉਣ ਵਾਲਿਆਂ ਖਿਲਾਫ ਫੇਸਬੁੱਕ ਸਖਤ ਹੋਈ

ਸਾਨ ਫਰਾਂਸਿਸਕੋ, 17 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਹੋ ਰਹੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਸੋਸ਼ਲ ਮੀਡੀਆ ਦੀ ਦਿੱਗਜ ਕੰਪਨੀ ਫੇਸਬੁੱਕ ਨੇ ਲੋਕਾਂ ਨੂੰ ਵੋਟਿੰਗ ਕਰਨ ਤੋਂ ਰੋਕਣ ਵਾਲਿਆਂ ਦੇ ਚਾਲਿਆਂ ਖਿਲਾਫ ਆਪਣੀਆਂ ਨੀਤੀਆਂ ਸਖਤ ਕਰਨ ਦਾ ਐਲਾਨ ਕੀਤਾ ਹੈ। ਵਰਨਣ ਯੋਗ ਹੈ ਕਿ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਣ ਲਈ ਕਈ ਕਿਸਮ ਦੀਆਂ ਭਰਮਾਊ ਜਿਹੀਆਂ ਜਾਣਕਾਰੀਆਂ ਫੈਲਾਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਮੈਸੇਜ ਨਾਲ ਵੀ ਵੋਟ ਕਰ ਸਕਦੇ ਹਨ। ਵੋਟਾਂ ਦੀ ਗਿਣਤੀ ਬਾਰੇ ਵੀ ਉਨ੍ਹਾਂ ਨੂੰ ਵਰਗਲਾਇਆ ਜਾਂਦਾ ਹੈ। ਫੇਸਬੁੱਕ ਨੇ ਇਨ੍ਹਾਂ ਸਭ ਭਰਮਾਊ ਜਾਣਕਾਰੀਆਂ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਸੰਬੰਧ ਵਿੱਚ ਫੇਸਬੁੱਕ ਦੀ ਪਬਲਿਕ ਪਾਲਿਸੀ ਮੈਨੇਜਰ ਜੈਸਿਕਾ ਲੇਇੰਵਾਂਡ ਨੇ ਕਿਹਾ ਜੇ ਕਿਸੇ ਯੂਜ਼ਰਜ਼ ਨੂੰ ਮਤਦਾਨ ਨਾਲ ਜੁੜੀ ਕੋਈ ਵੀ ਅਜਿਹੀ ਜਾਣਕਾਰੀ ਨਜ਼ਰ ਆਉਂਦੀ ਹੈ ਜੋ ਉਨ੍ਹਾਂ ਦੇ ਹਿਸਾਬ ਨਾਲ ਗਲਤ ਹੈ ਤਾਂ ਉਹ ਫੇਸਬੁੱਕ ਵਿੱਚ ਉਸ ਦੀ ਰਿਪੋਰਟ ਸ਼ਿਕਾਇਤ ਕਰਵਾ ਸਕਦੇ ਹਨ। ਸੂਬੇ ਦੇ ਚੋਣ ਕਮਿਸ਼ਨ ਲਈ ਵੀ ਰਿਪੋਰਟਿੰਗ ਚੈਨਲ ਬਣਾਏ ਗਏ ਹਨ।' ਚੋਣਾਂ ਨਾਲ ਜੁੜੀਆਂ ਜਾਣਕਾਰੀਆਂ ਦੀ ਪ੍ਰਮਾਣਿਕਤ ਜਾਂਚਣ ਲਈ ਕੰਪਨੀ ਉਸ ਨੂੰ ਮਾਹਰਾਂ ਕੋਲ ਭੇਜੇਗੀ। ਜਾਣਕਾਰੀ ਗਲਤ ਨਿਕਲਣ 'ਤੇ ਉਹ ਨਿਊਜ਼ ਫੀਡ 'ਚ ਸਭ ਤੋਂ ਆਖਰ 'ਤੇ ਨਜ਼ਰ ਆਵੇਗਾ। ਉਸ ਨਾਲ ਮਾਹਰਾਂ ਦੀਆਂ ਵਾਧੂ ਜਾਣਕਾਰੀਆਂ ਵੀ ਜੋੜੀਆਂ ਜਾਣਗੀਆਂ।

## ਸਬਰੀਮਾਲਾ ਮੰਦਰ ਵਿਚ ਹਿੰਦੂ ਔਰਤਾਂ ਦੇ ਜਾਣ ਵਿਰੁੱਧ ਕੱਟੜਪੰਥੀ ਹਿੰਸਕ ਹੋ ਗਏ

...ਪੰਨਾ 1 ਦਾ ਬਾਕੀ

ਇਸ ਤੋਂ ਪਹਿਲਾਂ ਅੱਜ ਦਿਨ ਦੇ ਵਕਤ ਵੱਡੀ ਗਿਣਤੀ ਵਿੱਚ ਪੁਲਿਸ ਲਾਉਣ ਦੇ ਬਾਵਜੂਦ ਹਿੰਦੂ ਕੱਟੜਪੰਥੀਆਂ ਦੇ ਤਿੱਖੇ ਵਿਰੋਧ ਪ੍ਰਦਰਸ਼ਨ ਦੇ ਕਾਰਨ ਔਰਤਾਂ ਮੰਦਰ ਨਹੀਂ ਪੁੱਜ ਸਕੀਆਂ। ਆਂਧਰਾ ਪ੍ਰਦੇਸ਼ ਦੀ ਇਕ ਔਰਤ ਨੇ ਮੰਦਰ ਜਾਣ ਲਈ ਸਬਰੀਮਾਲਾ ਪਹਾੜੀ ਉੱਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਅੰਦੋਲਨ ਕਰਦੇ ਮਰਦ ਭਗਤਾਂ ਦੇ ਕਾਰਨ ਉਸ ਨੂੰ ਵਾਪਸ ਜਾਣਾ ਪਿਆ। ਕੇਰਲ ਦੇ ਅਲਾ-ਪੁਜਾ ਦੀ ਇੱਕ ਕੁੜੀ ਲਿਬੀ ਨੂੰ ਵੀ ਪਥਨਮਥਿੱਟਾ ਬਸ ਟਰਮੀਨਲ ਉੱਤੇ ਮੰਦਰ ਵੱਲ ਵਧਣ ਤੋਂ ਰੋਕਿਆ ਗਿਆ। ਪੁਲਿਸ ਨੇ ਕੁਝ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਵੀ ਲਿਆ ਦੱਸਿਆ ਗਿਆ ਹੈ।

ਮੰਦਰ ਦੇ ਰਾਹ ਵਿੱਚ ਤਲਹਟੀ ਉੱਤੇ ਪੰਬਾ ਅਤੇ ਨਿਲੱਕਲ ਵਿਖੇ ਉਸ ਵੇਲੇ ਤਣਾਅ ਪੈਦਾ ਹੋ ਗਿਆ ਜਦੋਂ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਵਿਰੋਧ ਕਰਦੇ ਪ੍ਰਦਰਸ਼ਨਕਾਰੀ ਹਿੰਸਕ ਹੋ ਕੇ ਪੁਲਿਸ ਨਾਲ ਭਿੜ ਗਏ ਤੇ ਉਨ੍ਹਾਂ ਨੇ ਪੱਥਰਬਾਜ਼ੀ ਕਰ ਦਿਤੀ। ਇਸ ਪਿੱਛੋਂ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ। ਪੱਥਰਬਾਜ਼ੀ ਅਤੇ ਹੋਰ ਘਟਨਾਵਾਂ ਵਿੱਚ ਇਕ ਬਜ਼ੁਰਗ ਔਰਤ ਸਮੇਤ ਕਈ ਲੋਕ ਜ਼ਖ਼ਮੀ ਹੋਏ। ਕੱਟੜਪੰਥੀਆਂ ਦੇ ਗੁੱਸੇ ਦਾ ਸ਼ਿਕਾਰ ਕੁਝ ਮਹਿਲਾ ਪੱਤਰਕਾਰਾਂ ਵੀ ਹੋਈਆਂ। ਉਨ੍ਹਾਂ ਦੀਆਂ ਗੱਡੀਆਂ 'ਤੇ ਹਮਲਾ ਕੀਤਾ ਗਿਆ। ਘੱਟੋ ਘੱਟ ਚਾਰ ਰਾਸ਼ਟਰੀ ਟੀ ਵੀ ਚੈਨਲ ਦੀਆਂ ਮਹਿਲਾ ਪੱਤਰਕਾਰਾਂ ਨੂੰ ਜ਼ਬਰਦਸਤੀ ਗੱਡੀ ਤੋਂ ਉਤਾਰ ਕੇ ਉਨ੍ਹਾਂ ਦੀਆਂ ਗੱਡੀਆਂ ਦੀ ਤੋੜ ਭੰਨ ਕੀਤੀ ਗਈ।

## ਸੀਨੀਅਰਜ਼ ਐਸੋਸੀਏਸ਼ਨ ਦਾ ਵਫਦ ਐੱਮ. ਪੀ. ਕਮਲ ਖਹਿਰਾ ਨੂੰ ਸੀਨੀਅਰਜ਼ ਦੀਆਂ ਮੰਗਾਂ ਬਾਰੇ ਮਿਲਿਆ

(ਹਰਜੀਤ ਬੇਦੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੀ ਜਨਰਲ ਬਾਡੀ ਦੇ ਫੈਸਲੇ ਮੁਤਾਬਕ ਬਰੈਂਪਟਨ ਦੇ ਐਮ ਪੀਜ਼ ਨੂੰ ਮਿਲਣ ਦੇ ਤੀਜੇ ਪੜਾਅ ਵਿੱਚ ਐਮ ਪੀ ਕਮਲ ਖਹਿਰਾ ਦੇ ਦਫਤਰ ਵਿੱਚ ਉਸ ਨਾਲ ਮੀਟਿੰਗ ਕੀਤੀ ਗਈ। ਵਫਦ ਵਿੱਚ ਸ਼ਾਮਲ ਪ੍ਰੋ: ਨਿਰਮਲ ਸਿੰਘ ਧਾਰਨੀ, ਦੇਵ ਸੂਦ, ਕਰਤਾਰ ਚਾਹਲ ਅਤੇ ਬੰਤ ਸਿੰਘ ਰਾਓ ਆਦਿ ਨੇ ਸੀਨੀਅਰਜ਼ ਸਬੰਧੀ ਮੰਗਾਂ ਦਾ ਮੰਗ ਚਾਰਟਰ ਦੇ ਕੇ ਉਹਨਾਂ ਮੰਗਾਂ ਬਾਰੇ ਵਿਸਥਾਰ ਨਾਲ ਆਪਣਾ ਪੱਖ ਪੇਸ਼ ਕੀਤਾ।ਇਸ ਮੀਟਿੰਗ ਦੌਰਾਨ ਵਫਦ ਨੇ 65 ਸਾਲ ਦੀ ਉਮਰ ਹੋਣ ਤੇ 10 ਸਾਲ ਦੀ ਠਹਿਰ ਪੂਰੀ ਨਾ ਹੋਣ ਦੀ ਸੂਰਤ ਵਿੱਚ ਘੱਟੋ




ਘੱਟ 500 ਡਾਲਰ ਗੁਜਾਰਾ ਭੱਤਾ, ਬਦੇਸੀ ਪਰਾਪਰਟੀ ਦੀ ਹੱਦ ਇੱਕ ਮਿਲੀਅਨ ਡਾਲਰ ਮਿੱਥਣ, ਗਰੀਬੀ ਰੇਖਾ ਦੀ ਹੱਦ ਘੱਟੋ ਘੱਟ 35 ਹਜਾਰ ਡਾਲਰ ਸਾਲਾਨਾ, ਪੈਨਸ਼ਨਰਜ਼ ਦੁਆਰਾ ਕੀਤੇ ਗਏ ਕੰਮ ਦੀ ਆਮਦਨ ਤੇ ਵੱਧ ਇਨਕਮ ਟੈਕਸ ਰਿਬੇਟ ਅਤੇ ਕਿਸੇ ਹੋਰ ਦੇਸ ਵਿਚਲੀ ਆਮਦਨ ਤੋਂ ਟੈਕਸ ਤੇ ਛੋਟ ਆਦਿ ਮਸਲਿਆਂ ਤੇ ਗੰਭੀਰਤਾ ਨਾਲ ਆਪਣਾ ਪੱਖ ਰੱਖਿਆ। ਜਿਸ ਤੇ ਐਮ ਪੀ ਕਮਲ ਖਹਿਰਾ ਨੇ ਕਿਹਾ ਕਿ ਮੈਂ ਤੁਹਾਡੇ ਨਾਲ ਸਹਿਮਤ ਹਾਂ ਤੇ ਤੁਹਾਡੀਆਂ ਮੰਗਾਂ ਦੀ ਪੂਰਤੀ ਲਈ ਆਪਣਾ ਹਰ ਸੰਭਵ ਯਤਨ ਕਰਾਂਗੀ।

ਐਸੋਸੀਏਸ਼ਨ ਇਸ ਤੋਂ ਪਹਿਲਾਂ ਬਰੈਂਪਟਨ ਦੇ ਦੋ ਐਮ ਪੀਜ਼ ਨੂੰ ਮਿਲ ਚੁੱਕੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਐਸੋਸੀਏਸ਼ਨ ਬਰੈਂਪਟਨ ਦੇ ਬਾਕੀ ਰਹਿੰਦੇ ਐਮ ਪੀਜ਼ ਨੂੰ ਮਿਲੇਗੀ ਤਾਂ ਜੋ ਫੈਡਰਲ ਪੱਧਰ ਦੀਆਂ ਮੰਗਾਂ ਮੰਨਵਾਉਣ ਲਈ ਆਵਾਜ ਹੋਰ ਬੁਲੰਦ ਹੋ ਸਕੇ। ਐਸੋਸੀਏਸ਼ਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331, ਬਲਵਿੰਦਰ ਬਰਾੜ647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657 69 Westmore Dr. #20 Etobicoke ON, M9V 3Y6

# 'ਡਾਇਬੇਟੀਜ਼ ਪ੍ਰੋਫ਼ੈਸ਼ਨਰਜ਼ ਕਾਨਫਰੰਸ' 'ਚ ਸੋਨੀਆ ਸਿੱਧੂ ਨੇ ਸਿਹਤ ਮੰਤਰੀ ਵੱਲੋਂ ਕੀਤੀ ਸ਼ਮੂਲੀਅਤ

ਬਰੈਂਪਟਨ, -ਬੀਤੇ ਦਿਨੀਂ ਹੈਲੀਫ਼ੈਕਸ ਵਿਚ ਹੋਈ ਸਾਲ 2018 ਦੀ ਡਾਇਬੇਟੀਜ਼ ਪ੍ਰੋਫ਼ੈਸ਼ਨਲ ਕਾਨਫ਼ਰੰਸ ਜਿਸ ਵਿਚ 1800 ਡੈਲੀਗੇਟਾਂ ਨੇ ਭਾਗ ਲਿਆ, ਵਿਚ ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਸ਼ਮੂਲੀਅਤ ਕੀਤੀ ਅਤੇ ਉੱਥੇ ਡੈਲੀਬੇਟਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੈਨੇਡਾ ਦੇ ਸਿਹਤ ਮੰਤਰੀ ਮਾਣਯੋਗ ਗਿਨੇਤ ਪੈਤੀਪਾ ਵੱਲੋਂ ਆਪਣੇ ਵਿਚਾਰ ਪ੍ਰਗਟ ਕੀਤੇ। ਕਾਨਫ਼ਰੰਸ ਵਿਚ ਖੋਜ-ਕਰਤਾਵਾਂ ਅਤੇ ਹੈੱਲਥ-ਕੇਅਰ ਪ੍ਰੋਫ਼ੈਸ਼ਨਲਾਂ ਨੂੰ ਕੈਨੇਡਾ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਡਾਇਬੇਟੀਜ਼ ਵਿਚ ਹੋ ਰਹੀ ਨਵੀਂ ਖੋਜ ਅਤੇ ਇਸ ਦੇ ਇਲਾਜ ਤੇ ਪ੍ਰਹੇਜ਼ ਬਾਰੇ ਵਿਚਾਰ ਸਾਂਝੇ ਕਰਨ ਦਾ ਬਹੁਤ ਵਧੀਆ ਮੌਕਾ ਮਿ-ਲਿਆ। ਆਪਣੇ ਸੰਬੋਧਨ ਦੌਰਾਨ ਸੋਨੀਆ ਨੇ ਡੈਲੀਗੇਟਾਂ ਨੂੰ ਕੈਨੇਡਾ ਵਿਚ ਡਾਇਬੇਟੀਜ਼ ਸਬੰਧੀ ਹੋ ਰਹੇ ਕੰਮ-ਕਾਜ ਬਾਰੇ ਤਾਜ਼ਾ ਜਾਣਕਾਰੀ ਦਿੱਤੀ।

ਕਾਨਫ਼ਰੰਸ ਵਿਚ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਿਹਾ,"ਕੈਨੇਡਾ ਸਰਕਾਰ ਡਾਇਬੇਟੀਜ਼ ਦੀ ਖੋਜ, ਇਲਾਜ, ਪ੍ਰਹੇਜ਼ ਅਤੇ ਇਸ ਦੀ ਸ਼ੁਰੂਆਤ ਵਿਚ ਪਹਿਚਾਣ ਲਈ ਪੂੰਜੀ ਨਿਵੇਸ਼ ਕਰ ਰਹੀ ਹੈ ਤਾਂ ਜੋ ਘੱਟ ਤੋਂ ਘੱਟ ਕੈਨੇਡੀਅਨਾਂ ਨੂੰ ਇਨ੍ਹਾਂ ਹਾਲਤਾਂ ਦਾ ਸਾਹਮਣਾ ਕਰਨਾ ਪਵੇ ਅਤੇ ਜੇਕਰ ਇਹ ਰੋਗ ਹੋ ਜਾਂਦਾ ਹੈ ਤਾਂ ਉਸ ਦਾ ਬੇਹਤਰ ਇਲਾਜ ਕਰਵਾਇਆ ਜਾ ਸਕੇ।" ਡੈਲੀਗੇਟਾਂ ਨੂੰ ਮੁਖ਼ਾਤਿਬ ਹੁੰਦਿਆਂ ਉਨ੍ਹਾਂ ਕਿਹਾ,"ਕੈਨੇਡਾ 'ਇਨਸੂਲੀਨ' (Insulin) ਦੀ ਜਨਮ-ਭੂਮੀ ਹੈ ਅਤੇ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਸਾਡਾ ਦੇਸ਼ ਇਸ ਰੋਗ ਸਬੰਧੀ ਜਾਗਰੂਕਤਾ ਫ਼ੈਲਾਉਣ ਅਤੇ ਇਸ ਇਸ 'ਤੇ ਕਾਬੂ ਪਾਉਣ ਲਈ ਸਾਰੇ ਸੰਸਾਰ ਦੀ ਅਗਵਾਈ ਨਾ ਕਰ ਸਕੇ।"



ਡਾਇਬੇਟੀਜ਼ ਸਬੰਧੀ ਇਹ ਇਸ ਕਿਸਮ ਦੀ ਤੀਸਰੀ ਕਾਨਫ਼ਰੰਸ ਹੈ ਜਿਸ ਵਿਚ ਸੋਨੀਆ ਸਿੱਧੂ ਨੇ ਪਿਛਲੇ 12 ਮਹੀਨਿਆਂ ਵਿਚ ਸ਼ਮੂਲੀਅਤ ਕੀਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਟਲੀ ਦੇ ਰੋਮ ਅਤੇ ਭਾਰਤ ਦੇ ਸ਼ਹਿਰ ਕੋਲਕਾਤਾ ਵਿਚ ਹੋਈਆਂ ਦੋ ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਵਿਚ ਸ਼ਾਮਲ ਹੋ ਕੇ ਇਸ ਰੋਗ ਨਾਲ ਲੜਨ ਲਈ ਕੈਨੇਡਾ ਦੀ ਭੂਮਿਕਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ।

ਇੱਥੇ ਇਹ ਜ਼ਿਕਰਯੋਗ ਹੈ ਕਿ ਐੱਮ.ਪੀ. ਸੋਨੀਆ ਸਿੱਧੂ ਆਲ ਪਾਰਟੀ ਡਾਇਬੇਟੀਜ਼ ਕਾਕੱਸ ਦੇ ਚੇਅਰ-ਪਰਸਨ ਹਨ ਅਤੇ ਇਹ ਕਾਕੱਸ 11 ਮਿਲੀਅਨ ਡਾਇਬੇਟੀਜ਼ ਅਤੇ ਪ੍ਰੀ-ਡਾਇਬੇਟੀਜ਼ ਕੈਨੇਡਾ-ਵਾਸੀਆਂ ਲਈ ਇਸ ਰੋਗ ਦੇ ਇਲਾਜ ਲਈ ਯੋਗ ਹੱਲ ਤਲਾਸ਼ਣ ਲਈ ਕੰਮ ਕਰਦਾ ਹੈ। ਇਸ ਦੇ ਨਾਲ ਹੀ ਸੋਨੀਆ ਹਾਊਸ ਆਫ਼ ਕਾਮਨਜ਼ ਦੀ ਸਟੈਂਡਿੰਗ ਕਮੇਟੀ ਆਨ ਹੈੱਲਥ ਦਾ ਵੀ ਅਹਿਮ ਹਿੱਸਾ ਹਨ ਜਿਸ ਵਿਚ ਉਨ੍ਹਾਂ ਨੇ ਕੈਨੇਡਾ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਡਾਇਬੇਟੀਜ਼ ਬਾਰੇ ਅਧਿਐੱਨ ਕਰਨ ਲਈ ਬੀੜਾ ਉਠਾਇਆ ਹੋਇਆ ਹੈ ਅਤੇ ਇਹ ਅਧਿਐੱਨ ਇਸ ਮਹੀਨੇ ਸੰਪੰਨ ਹੋਣ ਦੀ ਸੰਭਾਵਨਾ ਹੈ।

# ਸਾਲਾਨਾ ਹੁਸ਼ਿਆਰਪੁਰ ਨਾਈਟ ਸ਼ਨੀਵਾਰ 20 ਅਕਤੂਬਰ ਨੂੰ

ਹੁਸ਼ਿਆਰਪੁਰ ਕਲਚਰਲ ਕਲੱਬ ਵਲੋਂ ਦਿਨ ਸ਼ਨੀਵਾਰ 20 ਅਕਤੂਬਰ ਨੂੰ ਸ਼ਾਮ 6 ਵਜੇ 2084 ਸਟੀਲਜ਼ ਐਵੇਨਿਊ ਈਸਟ,ਬਰੈਂਪਟਨ ਸਥਿਤ ਸ਼ਿਗਾਰ ਬੈਂਕਟ ਹਾਲ ਵਿੱਚ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਾਲਾਨਾਂ ਹੁਸ਼ਿਆਰਪੁਰ ਨਾਈਟ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿੱਚ ਗਾਇਕ ਰਣਜੀਤ ਮਣੀਂ ਅਤੇ ਰੁਪਿੰਦਰ ਰਿੰਪੀ ਦੁਆਰਾ ਲਾਈਵ ਗੀਤ-ਸੰਗੀਤ ਦਾ ਪ੍ਰਬੰਧ ਕੀਤਾ ਗਿਆ ਹੈ।ਇਹ ਪ੍ਰੋਗਰਾਮ ਗਿੱਧਾ,ਭੰਗੜਾ ਅਤੇ ਇਨਾਮਾਂ ਨਾਲ ਭਰਪੂਰ ਹੋਵੇਗਾ।ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ 416 804 1138,ਤਰਸੇਮ ਸਿੰਘ 647 502 3142, ਰਾਜੀਵ ਸਿੰਘ 647 280 6041 ਅਤੇ ਗੁਰਚਰਨ ਸਿੰਘ ਨਾਲ 905 908 0022 ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਰਿਪੋਰਟ: ਦੇਵ ਝੱਮਟ)


For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ASIAN FOOD CENTRE





SERVING FROM 10 LOCATIONS IN ALL THE GTA AREA:
1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

# ਸੁਖਮਨੀ ਸਾਹਿਬ ਦਾ- ਸਾਹਿਤਕ ਰੂਪ

ਅਜੀਤ ਸਿੰਘ ਰੱਖੜਾ
905 794 7882

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸੰਸਾਰ ਵਿਚ ਕਈ ਰੂਪਾਂ ਵਿਚ ਲਿਖਿਆ ਅਤੇ ਵੇਖਿਆ ਸੁਣਿਆਂ ਗਿਆ ਹੈ। ਬਾਣੀ ਸਟੀਕਾ ਵਿਚ ਤੁਕ ਬਾ ਤੁਕ ਵਿਆਖਿਆ ਅਤੇ ਅਰਥ ਮਿਲਦੇ ਹਨ। ਉਰਦੂ, ਹਿੰਦੀ ਅਤੇ ਅੰਗ੍ਰੇਜ਼ੀ ਲਿਪੀ ਵਿਚ ਬਾਣੀ ਦੀਆਂ ਲਿਖਤਾਂ ਮਿਲਦੀਆ ਹਨ। ਫੁਲ ਸਾਈਜ਼ ਪਦਸ਼ਿਦ ਬੀੜਾ, ਗੈਰ ਪਦਸ਼ਿਦ ਬੀੜਾ, ਸੈਂਚੀਆਂ ਅਤੇ ਬੜੇ ਹੀ ਛੋਟੇ ਅਕਾਰ ਵਾਲੀਆਂ ਬੀੜਾਂ ਦੀ ਸ਼ਕਲ ਵਿਚ ਵੀ ਗੁਰੂ ਗ੍ਰੰਥ ਸਾਹਿਬ ਉਪਲਭਤ ਹਨ। ਜੋ ਕਦੇ ਵੇਖਿਆ ਸੁਣਿਆ ਨਹੀਂ ਗਿਆ ਉਹ ਹੈ ਬਾਣੀ ਦਾ ਵਾਰਤਿਕ ਜਾਂ ਸਾਹਿਤਕ ਰੂਪ ਵਿਚ ਲਿਖਿਆ ਹੋਣਾ! ਵਾਰਤਿਕ ਵਿਚ ਲਿਖਤ ਸਮਝਣੀ ਬੜੀ ਸਹਿਲ ਹੰਦੀ ਹੈ। ਪਰ ਇਸਦਾ ਗੁਰਬਾਣੀ ਪ੍ਰਤੀ ਕੋਈ ਰਿਵਾਜ ਪਰਚਲਤ ਨਹੀਂ ਹੋਇਆ। ਕਾਰਣ ਦਰਅਸਲ ਇਹ ਕਿ ਬਹੁਤ ਸਾਰਾ ਧਾਰਮਿਕ ਵਿਚਾਰ ਵਟਾਂਦਰਾ ਕਵਿਤਾ ਰੂਪ ਵਿਚ ਮਿਲਦਾ ਹੈ। ਫਲਸਰੂਪ ਧਾਰਮਿਕਤਾ ਤਕਰੀਬਨ ਕਵਿਤਾ ਵਿਧੀ ਨਾਲ ਹੀ ਜੁੜੀ ਪਈ ਹੈ। ਪੁਰਾਤਨ ਗ੍ਰੰਥ ਜਿਵੇਂ ਰਮਾਇਣ, ਗੀਤਾ ਅਤੇ ਮਹਾਂਭਾਰਤ ਸਭ ਕਵਿਤਾ ਵਿਚ ਹਨ, ਯਾਨੀ ਸਲ਼ੋਕਾਂ ਵਿਚ ਹਨ। ਵਾਰਤਿਕ ਲਿਖਣਾ ਕਵਿਤਾ ਤੋਂ ਬਹੁਤ ਬਾਅਦ ਵਿਚ ਪ੍ਰਚਲਤ ਹੋਇਆ ਹੈ। ਐਥੋ ਤਕ ਕਿ ਤਵਾਰੀਖਾ ਵੀ ਅਮੂਮਨ ਕਵਿਤਾ ਰੂਪ ਵਿਚ ਹੀ ਲਿਖੀਆਂ ਗਈਆ ਸਨ। ਸਿੱਖ ਤਵਾਰੀਖਾ ਵਿਚ ਜੇ ਕੁਝ ਵਾਰਤਕ ਵਿਚ ਮਿਲਦਾ ਹੈ ਤਾਂ ਉਹ ਗੁਰੂ ਸਾਹਿਬਾਂ ਦੇ ਹੁਕਮ ਨਾਮੇ ਹਨ। ਪੁਰਾਤਨ ਅਤੇ ਪ੍ਰਸਿੱਧ ਪੁਸਤਕਾਂ ਜਿਵੇਂ ਜਨਮ ਸਾਖੀ ਅਤੇ ਸੌ ਸਾਖੀ ਵੀ ਵਾਰਤਕ ਅਤੇ ਕਵਿਤਾ ਦਾ ਮਿਸ਼ਰਣ ਹਨ। ਕਵਿਤਾ ਲਿਖਣ ਦਾ ਇਹ ਰਿਵਾਜ ਐਨਾ ਮਕਬੂਲ ਰਹਿ ਚੁਕਾ ਹੈ ਕਿ ਲੋਕ ਚਿਠੀਆ ਵਿਚ ਵੀ ਆਪਣੇ ਮਨੋਭਾਵ ਦਸਣ ਲਈ ਛੰਦ ਲਿਖਿਆ ਕਰਦੇ ਸਨ ਆਪਣੀ ਗਲ ਕਹਿਣ ਲਈ। ਵਾਰਤਕ ਰੂਪ ਨੇ ਗਲ ਸਮਝਣਾਂ ਜਾਂ ਸਮਝਾਉਣਾ ਬੜਾ ਸੌਖਾ ਕਰ ਦਿਤਾ ਹੈ। ਸੰਦੇਸ਼ ਨੂੰ ਪਾਠਕ ਦੀ ਅਕਲ ਦੇ ਖਾਨੇ ਪਉਣ ਲਈ ਲੇਖਕ ਕਿਸੇ ਕਵਿਤਾ ਬੰਧਨ ਵਿਚ ਨਹੀਂ ਹੁੰਦਾ। ਉਹ ਆਪਣੇ ਹੀਲੇ ਵਸੀਲੇ ਵਰਤਕੇ ਆਪਣੀ ਗਲ ਦਸਣ ਵਿਚ ਕਾਮਯਾਬ ਹੋ ਜਾਂਦਾ ਹੈ। ਫਲਸਰੂਪ ਅਜ ਦਾ ਸਾਧਕ ਕੇਵਲ ਵਾਰਤਕ ਵਿਚ ਲਿਖੀ ਗਲ ਨੂੰ ਹੀ ਪਸੰਦ ਕਰਦਾ ਹੈ। ਅਜੋਕੇ ਵਿਦਵਾਨ ਜਿਵੇਂ ਸੰਤ ਮਸਕੀਨ, ਮਹੇਸ਼ ਯੋਗੀ, ਭਗਵਾਨ ਰਜਨੀਸ਼ ਜਾ ਅਨੇਕਾਂ ਹੋਰ ਪਰਚੱਲਤ ਸੰਤ ਮਹਾ ਪੁਰਸ਼ ਵਾਰਤਕ ਵਿਚ ਹੀ ਲਿਖਤਾ ਦੇਂਦੇ ਆ ਰਹੇ ਹਨ। ਹੁਣ ਤਾਂ ਇਸ ਤੋ ਵੀ ਅਲੱਗ ਹੋ ਗਿਆ ਹੈ। ਬਹੁਤ ਕੁਝ ਰੀਕਾਰਡਿਡ ਸੀਡੀ ਜਾਂ ਵੀਡੀਓ ਲੈਕਚਰਾਂ ਵਿਚ ਉਪਲਭਤ ਹੋ ਗਿਆ ਹੈ।

ਗੁਰਬਾਣੀ ਦੇ ਅਸਲ ਸੁਨੇਹੇ ਸਮਝਣਾ, ਆਮ ਪਾਠਕਾਂ ਲਈ ਬੜਾ ਜਟਲ ਹੈ। ਗੁਰੂ ਘਰਾਂ ਵਿਚ ਲੋਕ ਹੋ ਰਹੇ ਪਾਠ ਨੂੰ ਸਿਰ ਹਿਲਾ ਹਿਲਾਕੇ ਸੁਣਦੇ ਜਰੂਰ ਹਨ ਪਰ ਪੱਲੇ ਕੁਝ ਨਹੀਂ ਪੈਂਦਾ ਹੁੰਦਾ। ਜਿਵੇਂ ਪੰਜਾਬੀ ਸਕੂਲਾਂ ਦੇ ਅਠਵੀ ਦਸਵੀ ਦੇ ਬਚਿਆ ਨੂੰ ਕਿਸੇ ਅੰਗਰੇਜੀ ਵਿਚ ਬੋਲਦੇ ਭਾਸ਼ਨਕਾਰ ਦੀ ਕੋਈ ਕੋਈ ਗਲ ਸਮਝ ਆਇਆ ਕਰਦੀ ਹੈ ਇਵੇਂ ਹੀ ਪੜ੍ਹੀ ਜਾ ਰਹੀ ਗੁਰਬਾਣੀ ਦੀ ਸਮਝ ਸਰੋਤੇ ਨੂੰ ਬੜਾ ਥੋੜਾ ਥੋੜਾ ਲਗਦੀ ਹੈ। ਸੰਦੇਸ਼ ਨੂੰ ਸਮਝਣ ਲਈ ਇਸਦਾ ਲੜੀਵਧ ਹੋਣਾ ਬੜਾ ਜਰੂਰੀ ਹੁੰਦਾ ਹੈ। ਜਦ ਤਕ ਕੋਈ ਸੰਦੇਸ਼ ਕਹਾਣੀ ਵਾਂਗ ਲਿਖਿਆ ਪੜ੍ਹਿਆ ਨਾ ਜਾਵੇ, ਉਹ ਧੁਰ ਅੰਦਰ ਤਕ ਨਹੀਂ ਪਹੁੰਚਦਾ। ਇਸ ਪੱਖੋਂ ਕਥਾਕਾਰਾਂ ਦੀ ਬਾਤ ਚੀਤ ਸੁਣਨਾ ਦਿਲਚਸਪੀਯੁਕਤ ਹੁੰਦਾ ਹੈ। ਮਾਰਕਿਟ ਵਿਚ ਗੁਰੂ ਗ੍ਰੰਥ ਸਹਿਬ ਦੇ ਅਨੇਕਾਂ ਸਟੀਕ ਮਿਲਦੇ ਹਨ। ਬਹੁਤਾ ਚਰਚਿਤ ਗਿਆਨੀ ਸਾਹਿਬ ਸਿੰਘ ਦਾ ਸਟੀਕ ਹੈ। ਸਟੀਕਾ ਦੇ ਤਕਰੀਬਨ ਸਭ ਲੇਖਕ ਆਪਣੇ ਮੁਖ ਬੰਧਾ ਵਿਚ ਬੜਾ ਕੁਝ ਇਕ ਦੂਸਰੇ ਦੀਆਂ ਲਿਖਤਾਂ ਦਾ ਸਿਧੇ ਅਤੇ ਅਸਿਧੇ ਤੌਰ ਤੇ ਪਹਿਲਾਂ ਖੰਡਨ ਕਰਦੇ ਹਨ, ਫਿਰ ਆਪਣਾ ਪੱਖ ਲਿਖਦੇ ਹਨ। ਇਸ ਤੋਂ ਸਾਫ ਸਮਝ ਪੈਂਦੀ ਹੈ ਕਿ ਗੁਰੂਆਂ ਦੇ ਸੰਦੇਸ਼ ਸਮਝਣ ਵਿਚ ਔਖਿਆਈ ਹੈ। ਐਹੋ ਜਹੀ ਮੁਛਕਿਲ, ਵਾਰਤਕ ਵਿਚ ਲਿਖਿਆ ਪੜ੍ਹਨ ਨਾਲ ਨਹੀਂ ਆਉਂਦੀ।

ਸਿੱਖ ਮ੍ਰਯਾਦਾ ਅਨੁਸਾਰ ਸੁਖਮਨੀ ਸਾਹਿਬ ਨਿਤਨੇਮ ਵਾਲੀਆ 5 ਬਾਣੀਆ ਵਿਚੋਂ ਇਕ ਬਾਣੀ ਹੈ। ਤਕਰੀਬਨ ਡੇੜ ਘੰਟਾ ਸਮਾ ਲਗਦਾ ਹੈ ਸੁਖਮਨੀ ਪੜ੍ਹਨ ਲਈ। ਅਜੋਕੇ ਸਮੇ ਵਿਚ 5 ਬਾਣੀਆ ਦਾ ਨਿਤ ਦਿਨ ਪਾਠ ਕਰਨਾ ਆਮ ਆਦਮੀ ਦੇ ਵਸ ਵਿਚ ਨਹੀਂ ਹੁੰਦਾ। ਸਧਾਰਣ ਧਾਰਮਿਕ ਪ੍ਰੇਮੀ ਜਪੁਜੀ ਸਾਹਿਬ ਅਤੇ ਰਹਿਰਾਸ ਦੇ ਦੋ ਪਾਠਾਂ ਨਾਲ ਨਿਤ ਨੇਮ ਮੁਕਾ ਲੈਂਦੇ ਹਨ। ਸਿੱਖ ਪ੍ਰੰਪਰਾਵਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਦੀਆ ਇਕ ਤੋਂ ਵਧ ਵਿਧੀਆ ਪ੍ਰਚਲਤ ਰਹੀਆ ਹਨ। ਜਿਵੇਂ ਸਧਾਰਣ ਪਾਠ: ਗੁਰੂ ਗ੍ਰੰਥ ਸਾਹਿਬ ਦਾ ਇਹ ਪਾਠ ਕਿਸੇ ਸਮਾ ਪਾਬੰਦੀ ਵਿਚ ਨਹੀਂ ਹੁੰਦਾ। ਮਹੀਨਾ ਸਵਾ ਮਹੀਨਾ ਅਰਸੇ ਵਿਚ ਪ੍ਰੀਵਾਰ ਵਾਲੇ ਰਲਕੇ ਕਰ ਲੈਂਦੇ ਹਨ ਜਾਂ ਕਿਸੇ ਗ੍ਰੰਥੀ ਕੋਲੋਂ ਕਰਵਾ ਲੈਂਦੇ ਹਨ। ਸੰਪਟ ਪਾਠ ਜਾਂ ਸਪਤਾਹਕ ਪਾਠ: ਇਸ ਪਾਠ ਵਿਚ ਇਕ ਵਿਸ਼ੇਸ਼ ਗੁਰਬਾਣੀ ਤੁਕ ਨੂੰ ਮੁਖ ਰੂਪ ਵਿਚ ਕਿਸੇ ਮਕਸਦ ਦੀ ਦਰਿੜਤਾ ਵਾਸਤੇ ਬਾਰ ਬਾਰ ਪੜ੍ਹਿਆ ਜਾਂਦਾ ਹੈ। ਹਰ ਇਕ ਸ਼ਬਦ ਬਾਅਦ ਉਸ ਤੁਕ ਨੂੰ ਰੀਪੀਟ ਕੀਤਾ ਜਾਂਦਾ ਹੈ। ਇਸ ਤਰ੍ਹਾ ਪਾਠ ਇਕ ਹਫਤੇ ਵਿਚ ਮੁਕਦਾ ਹੈ। ਸਮਾ ਵਧੇਰੇ ਲਗਦਾ ਹੋਣ ਕਰਕੇ, ਇਸਦਾ ਰਿਵਾਜ ਤਕਰੀਬਨ ਖਤਮ ਹੋ ਗਿਆ ਹੈ। ਫਿਰ ਅਖੰਡਪਾਠ ਦਾ ਦੌਰ ਆਇਆ। ਇਹ ਪਾਠ ਸੰਪਟ ਪਾਠ ਵਾਂਗ ਹਫਤੇ ਦੀ ਬਜਾਏ ਤਿੰਨ ਦਿਨਾ ਵਿਚ ਕੀਤਾ ਜਾਂਦਾ ਹੈ। 24 ਘੰਟੇ ਲਗਾਤਾਰ ਪਾਠ ਚਲਦਾ ਰਹਿੰਦਾ ਹੈ। ਅਖੰਡ ਪਾਠਾ ਦਾ ਰਿਵਾਜ ਹਟਿਆ ਨਹੀਂ ਹੈ ਪਰ ਘਟਿਆ ਜਰੂਰ ਹੈ। ਹੁਣ ਲੋਕ ਘਰਾਂ ਵਿਚ ਅਖੰਡਪਾਠ ਘਟ ਕਰਵਾਉਂਦੇ ਹਨ ਪਰ ਗੁਰੂ ਘਰਾਂ ਵਿਚ ਜ਼ਿਆਦਾ ਕਰਵਾਉਂਦੇ ਹਨ। ਕਾਰਣ ਸਮੇਂ ਦੀ ਘਾਟ ਹੀ ਹੈ। ਘਰਾ ਵਿਚ ਹੁਣ ਜੋ ਰਿਵਾਜ ਹੈ, ਉਹ ਸੁਖਮਨੀ ਸਾਹਿਬ ਦਾ ਪਾਠ ਰਲਕੇ ਕਰਨ ਦਾ ਹੈ। ਤਕਰੀਬਨ ਡੇੜ ਘੰਟੇ ਵਿਚ ਸਾਰਾ ਪ੍ਰੀਵਾਰ ਇਸ ਸੁਖ ਮਈ ਧਾਰਮਿਕ ਅਕੀਦੇ ਦਾ ਅਨੰਦ ਲੈ ਲੈਂਦਾ ਹੈ। ਸ਼ਹਿਰਾਂ ਵਿਚ ਬੀਬੀਆਂ ਦੀਆਂ ਸੁਖਮਨੀ ਪਾਠ ਦੀਆਂ ਮੰਡਲੀਆਂ ਹਨ ਜੋ ਇਹ ਸੇਵਾ ਸ਼ਰਧਾ ਨਾਲ ਕਰ ਦੇਂਦੀਆਂ ਹਨ। ਬਾਣੀ ਦੇ ਪਾਠਾ ਦਾ ਇਕੋ ਇਕ ਮਕਸਦ ਹੁੰਦਾ ਹੈ ਕਿ ਜੋ ਰੂਹਾਨੀ ਸੰਦੇਸ਼ ਗੁਰੂ ਸਾਹਿਬਾਂ ਨੇ ਸਾਨੂੰ ਦਿਤੇ ਸਨ ਉਨ੍ਹਾ ਦੀ ਸਮਝ ਲਗ ਜਾਵੇ। ਪਰ ਇਹ ਸਭ ਕੁਝ ਕਵਿਤਾ ਬੰਦਿਸ਼ ਵਿਚ ਹੋਣ ਕਾਰਣ ਅਭਿਲਾਸ਼ੀ ਨੂੰ ਪੂਰੀ ਤਸੱਲੀਬਖਸ਼ ਸਮਝ ਨਹੀਂ ਆਉਂਦੀ ਸਗੋਂ ਇਕ ਮੰਤਰ ਰਟਨ ਵਾਗ ਬਾਣੀ ਪੜ੍ਹ ਸੁਣ ਲਈ ਜਾਂਦੀ ਹੈ।

ਬੜੀ ਦੇਰ ਤੋਂ ਇਕ ਫੁਰਨਾ ਦਿਮਾਗ ਵਿਚ ਚਲ ਰਿਹਾ ਹੈ ਕਿ ਬਾਣੀ ਨੂੰ ਕੋਈ ਵਾਰਤਿਕ ਵਿਚ ਲਿਖੇ ਤਾਂ ਬੜਾ ਸੌਖਾ ਹੋ ਜਾਵੇ। ਮੇਰੀ ਯਾਚੇ ਇਹ ਕੁਝ ਕਰਨਾ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆ ਦੇ ਚੌਥਾ ਹਿਸੇ ਪੰਨਿਆ ਉਪਰ ਹੋ ਸਕਦਾ ਹੈ। ਬਾਣੀ ਵਿਚ ਬਹੁਤਾ ਕੁਝ ਰੀਪੀਟ ਕੀਤਾ ਗਿਆ ਹੁੰਦਾ ਹੈ ਜਿਸ ਕਾਰਣ ਜਗਾਹ ਜ਼ਿਆਦਾ ਮਲੀ ਗਈ ਹੈ। ਬਹੁਤ ਸਾਰੀਆ ਤੁਕਾਂ ਇਕੋ ਗਲ ਨੂੰ ਦਰਿੜ ਕਰਨ ਲਈ ਲਿਖੀਆ ਹੁੰਦੀਆਂ ਹਨ। ਤਜੁਰਬਾ ਕਰਨ ਲਈ ਸੁਖਮਨੀ ਸਾਹਿਬ ਦਾ ਵਾਰਤਕ ਰੂਪ ਹਾਜਰ ਕਰ ਰਿਹਾ ਹਾਂ ਆਪਣੇ ਪਾਠਕਾ ਲਈ। ਆਸ ਹੈ ਹੁੰਗਾਰਾ ਮਿਲੇਗਾ।

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਜਿਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਸਭ ਬਾਣੀਆਂ ਰਾਗਾ, ਸਵਈਏ, ਛੰਦਾ ਅਤੇ ਪਉੜੀਆਂ ਵਿਚ ਦਰਜ ਹਨ ਇਵੇਂ ਹੀ ਸੁਖਮਨੀ ਦੀ ਬਾਣੀ ਰਾਗ ਗਉੜੀ ਵਿਚ ਉਚਾਰੀ ਗਈ ਹੈ। ਇਸ ਦੀ ਰਚਨਾ 24 ਅਸਟਪਦੀਆਂ ਵਿਚ ਕੀਤੀ ਗਈ ਹੈ। ਅਸ਼ਟਪਦੀ ਦਾ ਮਤਲਬ 8 ਪਦਾਂ ਯਾਨੀ 8 ਸ਼ਬਦਾਂ ਦੀ ਬੰਦਿਸ਼ ਵਿਚ ਲਿਖੀ ਗਈ ਬਾਣੀ ਹੈ। ਸਾਰੇ ਪਾਠ ਨੂੰ ਤਿੰਨ ਹਿਸਿਆ ਵਿਚ ਵੰਡਿਆ ਜਾ ਸਕਦਾ ਹੈ। ਯਾਨੀ ਗੁਰੂ ਸਾਹਿਬ ਨੇ ਤਿੰਨ ਮੁਦੇ ਚੁਕੇ ਹਨ। ਪਹਿਲਾ: ਨਾਮ ਜਪਣ ਦੇ ਫਾਇਦੇ ਅਤੇ ਇਸਦੀ ਵਿਧੀ ਸਮਝਣ ਵਾਸਤੇ ਸਾਧੂਆਂ, ਸੰਤਾ ਅਤੇ ਬ੍ਰਹਮਗਿਆਨੀਆਂ ਦੀ ਸੰਗਤ ਕਰਨਾ ਕਿਹਾ ਗਿਆ ਹੈ। ਦੂਸਰਾ ਮੁਦਾ ਜੋ ਉਨ੍ਹਾ ਚੁਕਿਆ, ਉਹ ਸੰਤਾ ਅਤੇ ਮਹਾਪੁਰਖਾ ਦੀ ਨਿੰਦਾ ਕਰਨ ਤੋਂ ਵਰਜਣ ਦਾ ਹੈ। ਅਮੂਮਨ ਜਨ ਸਧਾਰਣ ਨੂੰ ਜਦ ਕੋਈ ਨਵੀਂ ਗਲ ਦਸਣੀ ਹੋਵੇ ਜਾਂ ਕੋਈ ਐਸੀ ਗਲ ਕਹਿਣੀ ਹੋਵੇ ਜਿਸ ਦਾ ਲੈਵਿਲ ਆਮ ਲੋਕਾਂ ਦੇ ਲੈਵਿਲ ਤੋਂ ਉਪਰ ਹੋਵੇ ਤਾਂ ਮੂੜ੍ਹ ਕਿਸਮ ਦੇ ਲੋਕ ਮੰਨਕੇ ਰਾਜੀ ਨਹੀਂ ਹੁੰਦੇ ਅਤੇ ਉਸ ਮਹਾ ਪੁਰਖ ਦੀ ਨਿੰਦਾ ਕਰਨ ਲਗ ਜਾਂਦੇ ਹਨ। ਉਨ੍ਹਾ ਨੂੰ ਸਚ ਸਮਝਣ ਸਮਝਾਉਣ ਵਿਚ ਬੜੀ ਕਠਨਾਈ ਹੁੰਦੀ ਹੈ। ਫਲਸਰੂਪ ਗੁਰੂ ਸਾਹਿਬ ਨੇ ਬਹੁਤ ਸਾਰੀਆ ਐਸੀਆਂ ਨਸੀਹਤਾਂ ਕੀਤੀਆ ਹਨ ਅਤੇ ਨਿੰਦਾ ਕਰਨ ਦੇ ਮਾੜੇ ਫਲ ਦਸੇ ਹਨ ਕਿ ਬੰਦਾ ਸੰਤਾ ਮਹਾਂਪੁਰਖਾ ਦੀ ਨਿੰਦਾ ਕਰਨ ਤੋਂ ਪ੍ਰਹੇਜ਼ ਕਰਨ ਲਗਦਾ ਹੈ। ਤੀਸਰਾ ਪਹਿਲੂ ਹੈ ਨਾਮ ਜਪਣ ਦੇ ਮਾਨਸਿਕ ਅਸਰ ਯਾਨੀ ਦੁਖ ਤਕਲੀਫਾ ਤੋਂ ਨਿਜਾਤ ਜਾਂ ਮੁਕਤੀ। ਇਕ ਪਰਮ ਅਨੰਦ ਦਾ ਆਭਾਸ!

ਗੁਰੂ ਸਾਹਿਬ ਪਹਿਲੀਆਂ 6-7 ਅਸ਼ਟਪਦੀਆਂ ਵਿਚ ਦਸਦੇ ਹਨ ਕਿ ਨਾਮ ਜਪਣ ਨਾਲ ਲੋਕ ਆਪਣੇ ਦੁਖ ਦਰਦ ਭੁਲ ਜਾਂਦੇ ਹਨ, ਮੁੜ ਮੁੜ ਜਨਮ ਨਹੀਂ ਲੈਂਦੇ ਅਤੇ ਉਹ ਦੂਸਰਿਆ ਦਾ ਭਲਾ ਕਰਨਾ ਸ਼ੁਰੂ ਕਰ ਦੇਂਦੇ ਹਨ। ਸੰਸਾਰ ਵਿਚ ਅਜਿਹੀ ਅਵਸਥਾ ਗ੍ਰਹਿਣ ਕਰਨ ਲਈ ਲੋਕਾਂ ਨੂੰ ਜਪ ਤਪ ਕਰਦੇ ਵੇਖਆ ਹੈ, ਤੀਰਥਾ ਦਾ ਭਰਮਣ ਅਤੇ ਗ੍ਰੰਥਾ ਦਾ ਅਧਿਅਨ ਕਰਦੇ ਹਨ। ਪਰ ਮੇਰੀ ਜਾਚੇ (ਗੁਰੂ ਸਾਹਿਬ ਦਾ ਆਸ਼ਾ) ਇਨ੍ਹਾ ਨਾਲ ਬਣਦਾ ਕੁਝ ਨਹੀਂ ਹੁੰਦਾ। ਕਰੋੜਾ ਤਰ੍ਹਾ ਦੇ ਲੋਕਾਂ ਅਤੇ ਜੀਵਾ ਦਾ ਜ਼ਿਕਰ ਕੀਤਾ ਹੈ ਜੋ ਅਲੱਗ ਅਲੱਗ ਤਰੀਕੇ ਮੋਕਸ਼ ਪਰਾਪਤ ਕਰਨਾ ਲੋਚਦੇ ਹਨ ਪਰ ਕਿਸੇ ਸਿਰੇ ਨਹੀਂ ਲਗਦੇ। ਦਸਵੀ ਅਸ਼ਟਪਦੀ ਵਿਚ ਸੰਸਾਰ ਰਚਨਾ ਦੀ ਗਲ ਕੀਤੀ ਹੈ ਕਿ ਜੀਵਾ ਦਾ ਅਤੇ ਰਚਨਾ ਦੇ ਖਲਾਰੇ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਕਰੋੜਾ ਜੀਵ ਧਰਤੀ ਉਪਰ ਅਤੇ ਕਰੋੜਾ ਪਾਣੀ ਅਤੇ ਅਕਾਸ਼ ਵਿਚ ਰਚਤ ਹਨ। ਕਰੋੜਾ ਧਰਤੀਆ ਕਰੋੜਾ ਅਕਾਸ਼ ਅਤੇ ਕਰੋੜਾ ਪਾਤਾਲ ਹਨ ਐਥੋਂ ਤਕ ਕਿ ਕਰੋੜਾ ਚੰਦ, ਸੁਰਜ ਅਤੇ ਨਕਸ਼ੱਤਰ ਹਨ। ਇਹ ਰਚਨਾ ਕਈ ਵਾਰ ਖਤਮ ਹੋਈ ਅਤੇ ਕਈ ਵਾਰ ਦੁਬਾਰਾ ਪੈਦਾ ਹੋਈ ਹੈ। ਪਰ ਪ੍ਰਮਾਤਮਾ ਹਮੇਸ਼ਾ ਮਾਜੂਦ ਰਿਹਾ ਹੈ। ਉਸੇ ਦੀ ਰਜਾ ਵਿਚ ਸਭ ਕੁਝ ਚਲ ਰਿਹਾ ਹੈ। ਕਿਸੇ ਨਾਲ ਵੀ ਜੇ ਕੁਝ ਚੰਗਾ ਵਾਪਰਦਾ ਹੈ ਤਾਂ ਉਹ ਕੇਵਲ ਨਾਮ ਜਪਣ ਕਾਰਣ ਹੀ ਵਾਪਰਦਾ ਹੈ। ਜੇ ਬਰੀਕੀ ਨਾਲ ਵੇਖੀਏ ਤਾਂ ਸਮਝ ਲਗਦੀ ਹੈ ਕਿ ਕੁਲ ਜਹਾਨ ਦੇ ਜੀਵ ਜੰਤੂ ਆਪਣੀ ਆਯੂ ਚੁਪ ਚਾਪ ਬਿਤਾਕੇ ਚਲੇ ਜਾਂਦੇ ਹਨ ਅਤੇ ਬਾਰ ਬਾਰ ਇਸ ਜਨਮ ਮਰਣ ਦੇ ਚਕਰ ਵਿਚ ਪਏ ਰਹਿੰਦੇ ਹਨ। ਮਾਣਸ ਜਨਮ ਵਿਚ ਕੇਵਲ ਨਾਮ ਜਪਣ ਨਾਲ ਹੀ ਇਹ ਚਕਰ ਖਤਮ ਹੁੰਦਾ ਹੈ। ਨਾਮ ਜਪਣ ਦੀ ਸੋਝੀ ਲਈ ਮਹਾਂਪੁਰਖਾਂ ਦੀ ਸੰਗਤ ਕਰਨਾ ਬੜਾ ਜਰੂਰੀ ਹੈ। ਪਰ ਇਸ ਤਰ੍ਹਾ ਵਾਪਰਦਾ ਬੜਾ ਘਟ ਹੈ। ਲੋਕ ਸੰਤਾਂ ਅਤੇ ਮਹਾਪੁਰਖਾ ਦੇ ਵਿਰੁਧ ਹੋ ਜਾਂਦੇ ਹਨ। ਉਨ੍ਹਾ ਨੂੰ ਬੁਰਾ ਭਲਾ ਕਹਿਣ ਲਗ ਜਾਂਦੇ ਹਨ। ਲੱਤਾ ਖਿਚਦੇ ਹਨ ਅਤੇ ਭੰਡੀ ਪ੍ਰਚਾਰ ਕਰਦੇ ਹਨ। ਇਸ ਖਾਤਰ ਗੁਰੂ ਸਾਹਿਬ ਦਸਣਾ ਮੁਨਾਸਿਬ ਗਿਣਦੇ ਹਨ ਕਿ ਜੋ ਲੋਕ ਸਾਧੂ ਸੰਤਾਂ ਦੀ ਨਿੰਦਾ ਕਰਦੇ ਹਨ, ਉਹ ਕਦੇ ਸੌਖੇ ਨਹੀਂ ਰਹਿ ਸਕਦੇ। ਉਨ੍ਹਾ ਦੀ ਉਮਰ ਘਟਦੀ ਹੈ, ਮੂੰਹ ਵਿਚ ਦੁਰਗੰਧ ਪੈਦਾ ਹੁੰਦੀ ਹੈ ਅਤੇ ਹੋਰ ਅਨੇਕਾਂ ਤਰ੍ਹਾ ਦੇ ਕਸ਼ਟ ਝੇਲਦੇ ਹਨ। ਇਸ ਉਜੱਡਬਾਦ ਕਾਰਣ ਉਨ੍ਹਾ ਦਾ ਜੀਵਨ ਵਿਅਰਥ ਹੋ ਜਾਂਦਾ ਹੈ।

12ਵੀਂ ਅਸ਼ਟਪਦੀ ਵਿਚ ਗੁਰੂ ਸਾਹਿਬ ਹੰਕਾਰੀ ਲੋਕਾਂ ਦੀ ਗਲ ਕਰਦਿਆਂ ਕਹਿੰਦੇ ਹਨ ਕਿ ਜਿਹੜਾ ਰਾਜਾ ਜਾਂ ਲੀਡਰ ਆਪਣੇ ਰੁਤਬੇ ਦਾ ਹੰਕਾਰ ਕਰਦਾ ਹੈ ਉਹ ਕੁਤੇ ਸਮਾਨ ਹੈ, ਜਿਹੜਾ ਕਹੇ ਕਿ ਮੈਂ ਬਹੁਤ ਸੁੰਦਰ ਹਾਂ, ਉਹ ਗੰਦਗੀ ਦੇ ਕੀੜੇ ਵਰਗਾ ਹੈ ਜਾਂ ਕੋਈ ਬੰਦਾ ਆਪਣੇ ਕੀਤੇ ਚੰਗੇ ਕੰਮਾ ਦਾ ਹੰਕਾਰ ਕਰੇ, ਉਸਦਾ ਜਨਮ ਮਰਣ ਮੁਕਦਾ ਹੀ ਨਹੀਂ। ਗੁਰੂ ਸਾਹਿਬ ਮਨ ਦੇ ਗ੍ਰੀਬੀ ਸੁਭਾਓ ਨੂੰ ਚੰਗਾ ਗਿਣਦੇ ਹੋਇਆ ਕਹਿੰਦੇ ਹਨ ਕਿ ਇਹ ਸੁਭਾ ਵੀ ਉਸਦੀ ਕਿਰਪਾ ਨਾਲ ਮਿਲਦਾ ਹੈ। ਫਿਰ ਗੁਰੂ ਸਾਹਿਬ ਸਾਧੂ ਸੰਤਾਂ ਅਤੇ ਬ੍ਰਹਮਗਿਆਨੀ ਲੋਕਾਂ ਦੀ ਪਹਿਚਾਣ ਕਰਦੇ ਹਨ। ਉਹ ਕਹਿੰਦੇ ਹਨ ਕਿ ਮਹਾਂਪੁਰਖ ਹਮੇਸ਼ਾ ਸੰਸਾਰ ਤੋਂ ਨਿਰਲੇਪ ਰਹਿੰਦੇ ਹਨ। ਲੋਕਾਂ ਦੇ ਵਿਚ ਰਹਿੰਦਿਆਂ ਵੀ ਮਾਨਸਿਕ ਤੌਰ ਉਪਰ ਅਲੱਗ ਤਰੀਕੇ ਵਿਚਰਦੇ ਹਨ। ਤਿੰਨ ਤਰ੍ਹਾ ਦੇ ਮਹਾਪੁਰਖਾ ਦਾ ਜ਼ਿਕਰ ਕੀਤਾ ਹੈ। ਸਾਧ ਦਾ ਅਰਥ ਸਾਧਿਕ ਯਾਨੀ ਸਾਧਨਾ ਕਰਨਵਾਲਾ, ਸੰਤ ਯਾਨੀ ਡੇਰੇਦਾਰ, ਦੂਸਰਿਆ ਨਾਲ ਆਪਣੇ ਤਜੁਰਬੇ ਸਾਂਝੇ ਕਰਨ ਵਾਲਾ ਜਾਂ ਦਸਣ ਵਾਲਾ ਅਤੇ ਬ੍ਰਹਿਮ ਗਿਆਨੀ ਪੁਰਸ਼ ਬਾਰੇ ਗੁਰੂ ਸਾਹਿਬਾਂ ਨੇ, ਬਹੁਤ ਕੁਝ ਕਿਹਾ ਹੈ। ਇਹ ਉਪਾਧੀ ਮਹਾਂ ਪੁਰਖਾ ਦੀ ਆਖਰੀ ਅਧਿਆਤਮਕ ਅਵਸਥਾ ਕਹੀ ਗਈ ਹੈ, ਜਿਹੜੀ ਖੁਦ ਪਾਰਬ੍ਰਹਮ ਪ੍ਰਮਾਤਮਾਂ ਵਰਗੀ ਹੀ ਹੁੰਦੀ ਹੈ। ਬਹੁਤ ਸਾਰੀਆਂ ਅਸ਼ਟਪਦੀਆ ਵਿਚ ਬ੍ਰਹਮ ਗਿਆਨੀ ਦੀ ਮਹਿਮਾਂ ਕਰਦੇ ਸਮੇ ਗੁਰੂ ਸਾਹਿਬ ਕਹਿੰਦੇ ਹਨ ਕਿ ਬ੍ਰਹਿਮਗਿਆਨੀ ਦੀ ਉਪਮਾ ਕਰ ਸਕਣਾ ਜਾਂ ਕਹਿ ਸਕਣਾ ਕਿਸੇ ਕਥਨ ਤੋਂ ਬਾਹਰ ਦੀ ਗਲ ਹੈ। ਸਿਰੇ ਦੀ ਗਲ ਇਹ ਹੈ ਕਿ ਬ੍ਰਹਮ ਗਿਆਨੀ ਬੰਦਾ, ਇਨਸਾਨੀ ਸ਼ਕਲ ਵਿਚ ਖੁਦ ਪਾਰਬ੍ਰਹਮ ਹੀ ਹੁੰਦਾ ਹੈ। ਗੁਰੂ ਸਾਹਿਬ ਬਹੁਤ ਸਾਰੀਆਂ ਮਿਸਾਲਾਂ ਦੇਕੇ ਬ੍ਰਹਮਗਿਆਨੀ ਦੀ ਮਹਿਮਾ ਕਰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਬ੍ਰਹਿਮ ਗਿਆਨੀ ਬੰਦੇ ਦੀ ਨਿਗਾਹ ਵਿਚ ਸਭ ਲੋਕ ਇਕ ਬਰਾਬਰ ਹੁੰਦੇ ਹਨ, ਐਸੇ ਇਨਸਾਨ ਦੇ ਮਨ ਵਿਚ ਗ੍ਰੀਬੀ ਵਸਦੀ ਹੈ ਅਤੇ ਉਹ ਕਿਸੇ ਵੀ ਹਾਲਤ ਵਿਚ ਪ੍ਰਭੂ ਦੀ ਟੇਕ ਤੋਂ ਪਿਛਾਹ ਨਹੀਂ ਹਟਦਾ। ਕਿਓਂਕਿ ਬ੍ਰਹਿਮ ਗਿਆਨੀ ਸਦਾ ਸੁਖ ਦੇਣ ਵਾਲੇ ਪ੍ਰਮਾਤਮਾ ਨਾਲ ਰਲਕੇ ਚਲਦਾ ਹੈ ਜਿਸ ਕਾਰਣ ਉਹ ਵੀ ਉਸੇ ਵਰਗਾ ਹਮੇਸ਼ਾ ਸੁਖੀ ਰਹਿਣ ਵਾਲਾ ਬਣ ਜਾਂਦਾ ਹੈ। ਸ਼ਰਣ ਵਿਚ ਆਏ, ਦੂਸਰਿਆ ਨੂੰ ਵੀ ਇਹੀ ਰਸਤਾ ਦਸਕੇ ਉਪਕਾਰ ਕਰਦਾ ਹੈ।

ਸਾਰੇ ਸੁਖਮਨੀ ਸਾਹਿਬ ਵਿਚ ਕਿਤੇ ਵੀ ਨਾਮ ਜਪਣ ਦੀ ਕੋਈ ਵਿਸ਼ੇਸ਼ ਵਿਧੀ ਦਾ ਵਰਨਣ ਨਹੀਂ ਕੀਤਾ ਗਿਆ ਹੈ। ਪਰ ਇਕ ਗਲ ਸਾਫ ਉਭਰਕੇ ਸਾਹਮਣੇ ਆਉਦੀ ਹੈ ਜਿਸਦਾ ਜ਼ਿਕਰ ਆਖਰੀ ਅਸ਼ਟਪਦੀ ਵਿਚ ਕੀਤਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਹਾਪੁਰਖਾ ਦੀ ਸੰਗਤ ਵਿਚ ਜਾਣ ਨਾਲ ਪ੍ਰਮਾਤਮਾ ਬਾਰੇ ਚਰਚਾ ਸੁਣਦੇ ਰਹਿਣ ਨਾਲ ਮਨ ਟਿਕਿਆ ਰਹਿੰਦਾ ਹੈ। ਮਨ ਖੇੜੇ ਵਿਚ ਰਹਿੰਦਾ ਹੈ। ਉਸਦੀ ਲੀਲਾ ਦੇ ਵਖਾਣ ਸੁਣਕੇ ਮਨ ਲੀਨ ਹੋਇਆ ਰਹਿੰਦਾ ਹੈ। ਐਸੇ ਉਪਾਸ਼ਕ ਨੂੰ ਫਿਰ ਲੋਕ ਸਾਧ ਕਹਿਣ ਲਗ ਜਾਦੇ ਹਨ। ਸਾਧ ਦੇ ਮਨ ਸਦਾ ਅਨੰਦ ਰਹਿੰਦਾ ਹੈ। ਸਾਫ ਹੋ ਗਿਆ ਕਿ ਕੋਈ ਵੀ ਰੱਬ ਦਾ ਉਪਾਸ਼ਕ ਜਾਂ ਸ਼ਰਧਾਲੂ ਕੇਵਲ ਸੰਗਤ ਕਰਨ ਨਾਲ ਮਹਾਂਪੁਰਖਾਂ ਦੀ ਪਹਿਲੀ ਪੌੜੀ ਚੜ੍ਹਦਾ ਹੈ ਯਾਨੀ ਸਾਧੂ ਹੋ ਜਾਂਦਾ ਹੈ। ਜਿਸ ਗਲ ਉਪਰ ਸਿੱਖ ਸਫਾ ਵਿਚ ਕਿੰਤੂ ਪ੍ਰੰਤੂ ਚਲਦੇ ਰਹਿੰਦੇ ਹਨ, ਉਹ ਇਹ ਹਨ ਕਿ ਕੀ ਕਿਸੇ 'ਨਾਮ' ਦਾ ਤੋਤਾ ਰਟਣ ਲਾਹੇਬੰਦ ਹੁੰਦਾ ਹੈ? ਜਿਵੇਂ ਪ੍ਰਚਲਤ ਨਾਮ ਹਨ ਸਤਿਨਾਮ, ਵਾਹਿਗਰੂ, ਜਾਂ ਸਤਨਾਮ ਸ੍ਰੀ ਵਾਹਿਗੁਰੂ। ਹਿੰਦੂਆਂ ਵਿਚ ਹਰੀ ਓਮ, ਮਾਤਾ ਸ਼ੇਰਾਂ ਵਾਲੀ ਜਾਂ ਹਰੇ ਰਾਮ ਹਰੇ ਕ੍ਰਿਸ਼ਨਾ। ਸੁਖਮਨੀ ਸਾਹਿਬ ਵਿਚ ਖੁਲਾਸਾ ਮਿਲਦਾ ਹੈ ਕਿ ਹਾਂ ਨਾਮ ਜਪਣਾ ਵੀ ਜਰੂਰੀ ਹੈ ਪਰ ਜਪਣਾ ਇਸ ਲਈ ਹੈ ਕਿ ਸਾਧਕ ਉਸ ਅਵਸਥਾ ਵਿਚ ਆ ਜਾਵੇ ਜਿਥੇ ਪ੍ਰਮਾਤਮਾ ਦੇ ਗੁਣਗਾਨ ਕੀਤੇ ਜਾਂਦੇ ਹਨ। ਸਾਧਕ ਦੀ ਮਨੋਦਸ਼ਾ ਨੂੰ ਬਦਲਣ ਲਈ ਕੋਈ ਕੁੰਜੀਵਤ ਸ਼ਬਦ ਹੋਣਾ ਬੜਾ ਜਰੂਰੀ ਹੁੰਦਾ ਹੈ। ਜਿਵੇਂ 'ਜੈਕਾਰਾ' ਬੋਲਣਾ, ਸੁਣਨ ਵਾਲੇ ਨੂੰ ਹੁੰਗਾਰਾ ਦੇਣ ਲਈ ਮਜਬੂਰ ਕਰਦਾ ਹੈ। 'ਹਾਏ' ਸ਼ਬਦ ਕਿਸੇ ਦੁਖ ਵਲ ਉਂਗਲ ਕਰਦਾ ਹੈ ਜਾਂ 'ਆਈ ਲਵ ਯੂ' ਦੂਸਰੇ ਨੂੰ ਆਪਣੇ ਵਲ ਖਿਚਣ ਦਾ ਕੰਮ ਕਰਦਾ ਹੈ, ਇਸੇ ਤਰ੍ਹਾ ਕੋਈ ਵੀ ਧਾਰਮਿਕ 'ਨਾਮ' ਪ੍ਰਮਾਤਮਾ ਦੇ ਰੰਗਾਂ ਦਾ ਅਨੰਦ ਲੈਣ ਲਈ ਪ੍ਰੇਰਤ ਕਰਦਾ ਹੈ। ਪਰ ਜੋ ਅਸਲੀ ਅਨੰਦ ਆਉਂਦਾ ਹੈ, ਉਹ ਸੰਗਤ ਵਿਚ ਬੈਠਕੇ ਪ੍ਰਮਾਤਮਾ ਦੀ ਮਹਿਮਾ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਸੰਗਤ ਵਾਲਾ ਇਹ ਮਹੌਲ ਜਦ ਤੁਸੀਂ ਇਕੱਲੇ ਹੋਵੋ, ਫਿਰ ਵੀ ਸਿਰਜਿਆ ਜਾਂਦਾ ਹੈ ਜਦ 'ਨਾਮ' ਦਾ ਸਿਮਰਣ ਆਪਣੇ ਅੰਦਰ ਕਰਦੇ ਹੋ। ਨਾਮ ਇਕ ਕੋਡ ਵਰਡ ਹੈ ਆਪਣੇ ਮਾਨਸਿਕ ਰੌਂਅ ਨੂੰ ਪ੍ਰਮਾਤਮਾ ਵਲਦੇ ਚੰਗੇ ਪਾਸੇ ਲਗਾਉਣ ਲਈ। ਇਸਦੇ ਬੋਲਣ ਨਾਲ ਤੁਸੀਂ ਆਪਣੇ ਆਪ ਹੁਣ ਵਾਲੇ ਪਲ ਵਿਚ ਆ ਜਾਂਦੇ ਹੋ। ਤੁਹਾਡੇ ਆਲੇ ਦੁਆਲੇ ਕੀ ਹੈ, ਤੁਸੀਂ ਕੀ ਹੋ ਅਤੇ ਤੁਹਾਡਾ ਇਸ ਆਲੇ ਦੁਆਲੇ ਨਾਲ ਕੀ ਰਿਸ਼ਤਾ ਹੈ ਦੀ ਸੂਝ ਆ ਜਾਂਦੀ ਹੈ। ਜਦ ਆਪਣੇ ਆਪ ਦੀ ਸਮਝ ਲਗਦੀ ਹੈ ਕਿ ਸਾਡੇ ਅਤੇ ਪ੍ਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ ਤਾਂ ਸਦਾ ਅਨੰਦ ਛਾਅ ਜਾਂਦਾ ਹੈ ਅਤੇ ਬੰਦਾ ਬ੍ਰਹਮ ਗਿਆਨੀ ਹੋ ਜਾਂਦਾ ਹੈ।

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
- Counter Balance
- Order Picker
- Raymond Reach
- Walkie
- Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles

Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana
Sales Rep.


FOR SALE
$645,000
Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।


FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
Photo Not Available
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


FOR SALE
$859,900
Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ



# ਖ਼ਬਰਾਂ ਪੰਜਾਬ ਦੀਆਂ

ਆਰ ਟੀ ਆਈ ਤੋਂ ਖ਼ੁਲਾਸਾ:

## ਅੰਗਰੇਜ਼ਾਂ ਨੇ ਗਲਤ ਢੰਗ ਨਾਲ ਹਥਿਆਇਆ ਸੀ ਕੋਹਿਨੂਰ ਹੀਰਾ

ਫਿਲੌਰ, 17 ਅਕਤੂਬਰ (ਪੋਸਟ ਬਿਊਰੋ)- ਭਾਰਤ ਦਾ ਬੇਸ਼ੁਮਾਰ ਕੀਮਤੀ ਹੀਰਾ ਕੋਹਿਨੂਰ ਅੰਗਰੇਜ਼ਾਂ ਦੀ ਰਾਣੀ ਨੂੰ ਤੋਹਫੇ ਵਿੱਚ ਨਹੀਂ ਸੀ ਦਿੱਤਾ ਗਿਆ, ਉਸ ਸਮੇਂ ਦੇ ਮਹਾਰਾਜਾ ਦਲੀਪ ਸਿੰਘ ਦੀ ਇੱਛਾ ਵਿਰੁੱਧ ਅੰਗਰੇਜ਼ਾਂ ਨੇ ਕੋਹਿਨੂਰ ਨੂੰ ਗਲਤ ਢੰਗ ਨਾਲ ਹਥਿਆ ਲਿਆ ਸੀ। ਇਹ ਖ਼ੁਲਾਸਾ ਆਰ ਟੀ ਆਈ ਤੋਂ ਮਿਲੀ ਜਾਣਕਾਰੀ ਨਾਲ ਹੋਇਆ ਹੈ।




ਪੰਜਾਬ ਦੇ ਆਰ ਟੀ ਆਈ ਵਰਕਰ ਰੋਹਿਤ ਸਭਰਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਹਿਨੂਰ ਹੀਰੇ ਦੀ ਜਾਣਕਾਰੀ ਆਰ ਟੀ ਆਈ ਦੇ ਰਾਹੀਂ ਇਸ ਕਰ ਕੇ ਲੈਣੀ ਪਈ ਕਿ ਜਦੋਂ ਉਹ ਕੁਝ ਮਹੀਨੇ ਪਹਿਲਾਂ ਲੰਡਨ ਗਏ ਤਾਂ ਉਥੇ ਬ੍ਰਿਟੇਨ ਦੇ ਮਿਊਜ਼ੀਅਮ ਵਿੱਚ ਪਏ ਕੋਹਿਨੂਰ ਨੂੰ ਦੇਖਣ ਗਏ ਸਨ, ਜਿੱਥੇ ਹੀਰੇ ਦੇ ਨਾਲ ਹੋਰ ਵੀ ਚੀਜ਼ਾਂ ਪਈਆਂ ਹਨ। ਕੋਹਿਨੂਰ ਨੂੰ ਦੇਖਣ ਲਈ ਉਨ੍ਹਾਂ ਨੇ ਭਾਰਤੀ ਕਰੰਸੀ ਦੇ ਹਿਸਾਬ 3500 ਰੁਪਏ ਪ੍ਰਤੀ ਵਿਅਕਤੀ ਦੀ ਟਿਕਟ ਖਰੀਦੀ ਅਤੇ ਦੂਜਾ ਉਥੇ ਬ੍ਰਿਟਿਸ਼ ਸਰਕਾਰ ਨੇ ਬਾਕਾਇਦਾ ਲਿਖ ਕੇ ਲਾਇਆ ਹੋਇਆ ਹੈ ਕਿ ਇਹ ਹੀਰਾ ਉਨ੍ਹਾਂ ਨੂੰ ਤੋਹਫੇ ਵਿੱਚ ਦਿੱਤਾ ਗਿਆ ਸੀ। ਜਦੋਂ ਉਨ੍ਹਾਂ ਨੇ ਆਰ ਟੀ ਆਈ ਤੋਂ ਜਾਣਕਾਰੀ ਹਾਸਲ ਕੀਤੀ ਤਾਂ ਇੱਕ ਨਹੀਂ, ਸਗੋਂ ਕਈ ਖੁਲਾਸੇ ਹੋਏ। ਸਭ ਤੋਂ ਵੱਡਾ ਭੇਦ ਇਹੀ ਖੁੱਲ੍ਹ ਗਿਆ ਕਿ ਅੰਗਰੇਜ਼ਾਂ ਨੂੰ ਕੋਹਿਨੂਰ ਹੀਰਾ ਤੋਹਫੇ ਵਿੱਚ ਨਹੀਂ ਦਿੱਤਾ ਗਿਆ ਸੀ।

ਰੋਹਿਤ ਸਭਰਵਾਲ ਨੂੰ ਆਰ ਟੀ ਆਈ ਤੋਂ ਮਿਲੀ ਜਾਣਕਾਰੀ ਮੁਤਾਬਕ ਸਾਲ 1849 ਵਿੱਚ ਐਂਗਲੋ-ਸਿੱਖ ਜੰਗ ਦੀ ਸਮਾਪਤੀ ਤੋਂ ਬਾਅਦ ਲਾਹੌਰ ਵਿੱਚ ਬ੍ਰਿਟਿਸ਼ ਫੌਜ ਨਾਲ ਸ਼ਾਂਤੀ ਸੰਧੀ ਹੋਈ ਸੀ। ਓਦੋਂ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਸਿਰਫ 13-14 ਸਾਲ ਦੇ ਸਨ। ਬ੍ਰਿਟਿਸ਼ ਫੌਜ ਨੇ ਮਹਾਰਾਜਾ ਦਲੀਪ ਸਿੰਘ ਨੂੰ ਮਹਾਰਾਣੀ ਵਿਕਟੋਰੀਆ ਵੱਲੋਂ ਕੋਹਿਨੂਰ ਹੀਰਾ ਲੈਣ ਦੀ ਪੇਸ਼ਕਸ਼ ਦੱਸੀ, ਜਿਸ ਨੂੰ ਦੇਣ ਤੋਂ ਮਹਾਰਾਜਾ ਨੇ ਮਨ੍ਹਾ ਕਰ ਦਿੱਤਾ, ਪਰ ਉਨ੍ਹਾਂ ਦੀ ਇੱਛਾ ਵਿਰੁੱਧ ਬ੍ਰਿਟਿਸ਼ ਫੌਜ ਨੇ ਕੋਹਿਨੂਰ ਆਪਣੇ ਕਬਜ਼ੇ ਵਿੱਚ ਲੈ ਕੇ ਮਹਾਰਾਣੀ ਦੇ ਸਪੁਰਦ ਕਰ ਦਿੱਤਾ।

## ਬੇਅਦਬੀ ਤੇ ਗੋਲੀ-ਕਾਂਡ ਦੇ ਕੇਸ ਸੀ ਬੀ ਆਈ ਤੋਂ ਵਾਪਸ ਲੈਣ ਦੇ ਐਲਾਨ ਨਾਲ ਪੰਜਾਬ ਸਰਕਾਰ ਫਸੀ

ਚੰਡੀਗੜ੍ਹ, 17 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਦਾ ਐਲਾਨ ਕਰਨਾ ਇੱਕ ਤਰ੍ਹਾਂ ਪੰਜਾਬ ਸਰਕਾਰ ਲਈ ਮੁਸ਼ਕਲ ਦਾ ਕਾਰਨ ਬਣਦਾ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਗੋਲੀਕਾਂਡ ਕੇਸ ਵਿੱਚ ਸੀ ਬੀ ਆਈ ਤੋਂ ਵਾਪਸ ਲੈ ਕੇ ਇਸ ਦੀ ਜਾਂਚ ਪੰਜਾਬ ਪੁਲਸ ਦੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਤੋਂ ਕਰਵਾਉਣ ਦਾ ਐਲਾਨ ਕੀਤਾ ਸੀ। ਬੀਤੀ 28 ਅਗਸਤ 2018 ਨੂੰ ਵਿਧਾਨ ਸਭਾ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸੰਬੰਧੀ ਪ੍ਰਸਤਾਵ ਪੇਸ਼ ਕਰਨ ਦੀ ਗੱਲ ਕਹੀ, ਜਿਸ ਤੋਂ ਬਾਅਦ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਮਤਾ ਪੇਸ਼ ਕੀਤਾ ਸੀ। ਬਾਜਵਾ ਨੇ ਪ੍ਰਸਤਾਵ ਪੇਸ਼ ਕਰ ਕੇ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਕੋਟਕਪੂਰਾ, ਬਰਗਾੜੀ, ਬਹਿਬਲ ਕਲਾਂ ਆਦਿ ਕੇਸਾਂ 'ਚ ਪੁਲਸ ਫਾਇਰਿੰਗ ਤੇ ਬੇਅਦਬੀ ਦੀਆਂ ਘਟਨਾਵਾਂ ਦੇ ਜੋ ਕੇਸ ਪੰਜਾਬ ਸਰਕਾਰ ਵੱਲੋਂ ਸੀ ਬੀ ਆਈ ਨੂੰ ਸੌਂਪੇ ਗਏ ਸਨ, ਉਨ੍ਹਾਂ ਦੀ ਜਾਂਚ ਹੁ ਸੀ ਬੀ ਆਈ ਤੋਂ ਵਾਪਸ ਲੈ ਕੇ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਤੋਂ ਕਰਵਾਈ ਜਾਵੇਗੀ। ਇਸ ਸੰਬੰਧੀ ਪੰਜਾਬ ਸਰਕਾਰ ਨੇ ਬਕਾਇਦਾ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪੱਤਰ ਵੀ ਭੇਜਿਆ ਸੀ, ਪਰ ਕੇਂਦਰ ਸਰਕਾਰ ਨੇ ਇਸ ਦਾ ਜਵਾਬ ਨਹੀਂ ਦਿੱਤਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁਤਾਬਕ ਪੰਜਾਬ ਸਰਕਾਰ ਕੇਂਦਰ ਦੇ ਜਵਾਬ ਦਾ ਇੰਤਜ਼ਾਰ ਕਰ ਰਹੀ ਹੈ। ਉਂਜ ਮੁੱਖ ਮੰਤਰੀ ਨੇ ਇਹ ਗੱਲ ਮੰਨੀ ਕਿ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਵਿੱਚ ਕੁਝ ਅੜਿੱਕੇ ਹਨ। ਮੁੱਖ ਮੰਤਰੀ ਦੇ ਮੁਤਾਬਕ ਸੁਪਰੀਮ ਕੋਰਟ ਨੇ ਇੱਕ ਕੇਸ ਦੀ ਸੁਣਵਾਈ ਦੌਰਾਨ ਹੁਕਮ ਜਾਰੀ ਕੀਤਾ ਸੀ ਕਿ ਜਿਨ੍ਹਾਂ ਮਾਮਲਿਆਂ ਦੀ ਜਾਂਚ ਸੀ ਬੀ ਆਈ ਨੇ ਸ਼ੁਰੂ ਕਰ ਦਿੱਤੀ ਹੋਵੇ, ਉਨ੍ਹਾਂ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਫਿਰ ਵੀ ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਕੇਸ ਵਾਪਸ ਸੌਂਪਣ ਨੂੰ ਕਿਹਾ ਹੈ, ਪਰ ਇਹ ਕੇਂਦਰ ਸਰਕਾਰ 'ਤੇ ਨਿਰਭਰ ਹੈ ਕਿ ਉਹ ਕੇਸ ਵਾਪਸੀ ਦੀ ਸਹਿਮਤੀ ਦੇਵੇਗੀ ਜਾਂ ਨਹੀਂ। ਸੀ ਬੀ ਆਈ ਤੋਂ ਕੇਸ ਵਾਪਸ ਲੈਣ ਪਿੱਛੇ ਸਰਕਾਰ ਦੀ ਦਲੀਲ ਹੈ ਕਿ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਤੇਜ਼ੀ ਨਾਲ ਜਾਂਚ ਅੱਗੇ ਵਧਾਉਣਾ ਚਾਹੁੰਦੀ ਹੈ। ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਤੇ ਅਕਾਲ ਦਲ ਉਨ੍ਹਾਂ ਦੀ ਸਾਥੀ ਪਾਰਟੀ ਹੈ। ਇਸ ਲਈ ਕਾਂਗਰਸੀ ਵਿਧਾਇਕਾਂ ਦੀ ਦਲੀਲ ਸੀ ਕਿ ਸ਼ਾਇਦ ਸੀ ਬੀ ਆਈ ਇਨ੍ਹਾਂ ਕੇਸਾਂ ਦੀ ਜਾਂਚ ਵਿੱਚ ਜਾਣਬੁੱਝ ਕੇ ਦੇਰੀ ਕਰ ਸਕਦੀ ਹੈ ਤਾਂ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਹਿਤ ਦੋਸ਼ੀ ਅਧਿਕਾਰੀਆਂ ਨੂੰ ਰਾਹਤ ਮਿਲਦੀ ਰਹੇ।

## ਸੀ ਪੀ ਐੱਮ ਆਗੂ ਮਹਾਂ ਸਿੰਘ ਰੌੜੀ ਸਮੇਤ 9 ਜਣਿਆਂ ਉਤੇ ਕੇਸ ਦਰਜ

ਬਲਾਚੌਰ, 17 ਅਕਤੂਬਰ (ਪੋਸਟ ਬਿਊਰੋ)- ਥਾਣਾ ਪੋਜੇਵਾਲ ਦੇ ਪਿੰਡ ਚਾਂਦਪੁਰ ਰੁੜਕੀ ਨੇੜੇ ਨਾਜਾਇਜ਼ ਮਾਈਨਿੰਗ ਦੇ ਵਿਰੁੱਧ ਚੱਲਦੇ ਧਰਨੇ ਮੌਕੇ ਹੋਏ ਹਵਾਈ ਫਾਇਰ ਨਾਲ ਇਲਾਕੇ ਦਾ ਮਾਹੌਲ ਤਣਾਅ ਪੂਰਨ ਬਣ ਗਿਆ ਹੈ। ਇਸ ਫਾਇਰ ਨੂੰ ਲੈ ਕੇ ਜਿਥੇ ਕੱਲ੍ਹ ਸਵੇਰੇ ਤੋਂ ਕੰਢੀ ਸੰਘਰਸ਼ ਕਮੇਟੀ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂ ਮਹਾਂ ਸਿੰਘ ਰੌੜੀ ਦੀ ਅਗਵਾਈ ਹੇਠ ਧਰਨਾ ਦੇ ਕੇ ਹਵਾਈ ਫਾਇਰ ਕਰਨ ਵਾਲੇ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਸਨ, ਦੂਸਰੇ ਪਾਸੇ ਸੰਘਰਸ਼ ਕਮੇਟੀ ਨੇ ਐਸ ਪੀ ਜਾਂਚ ਨਵਾਂ ਸ਼ਹਿਰ ਨੂੰ ਮੰਗ ਪੱਤਰ ਵੀ ਦਿੱਤਾ ਹੈ।

ਇਸ ਦੌਰਾਨ ਥਾਣਾ ਪੋਜੇਵਾਲ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ ਨਾਜਾਇਜ਼ ਮਾਈਨਿੰਗ ਕਹਿ ਕੇ ਇਸ ਦੇ ਖਿਲਾਫ ਧਰਨੇ ਦੀ ਅਗਵਾਈ ਕਰ ਰਹੇ ਮਹਾਂ ਸਿੰਘ ਰੌੜੀ ਨੇ ਸ਼ਾਂਤੀਮਈ ਧਰਨਾਕਾਰੀਆਂ ਉਤੇ ਖਾਲਸਾ ਸਟੋਨ ਕਰੈਸ਼ਰ ਵੱਲੋਂ ਆਏ ਦੋ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਵੱਲੋਂ ਹਵਾਈ ਫਾਇਰ ਕਰਨ ਤੇ ਧਰਨਾਕਾਰੀਆਂ ਨੂੰ ਡਰਾਉਣ ਧਮਕਾਉਣ ਬਾਰੇ ਲਿਖਤੀ ਬਿਆਨ ਦਿੱਤੇ ਸਨ, ਪਰ ਪੁਲਸ ਨੇ ਧਰਨੇ 'ਤੇ ਬੈਠੇ ਲੋਕਾਂ ਖਿਲਾਫ ਖਾਲਸਾ ਸਟੋਨ ਕਰੈਸ਼ਰ ਨਵਾਂਗਰਾਂ ਕੁੱਲਪੁਰ ਦੇ ਟਿੱਪਰ ਡਰਾਈਵਰ ਸੁੱਚਾ ਸਿੰਘ ਵਾਸੀ ਸਾਧੜਾ ਦੇ ਬਿਆਨਾਂ 'ਤੇ 9 ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਇੱਕ ਹੋਰ ਕਰਜ਼ਾਈ ਕਿਸਾਨ ਵੱਲੋਂ ਖੁਦਕੁਸ਼ੀ

ਮੋਗਾ, 17 ਅਕਤੂਬਰ (ਪੋਸਟ ਬਿਊਰੋ)- ਮੋਗਾ ਦੇ ਪਿੰਡ ਕਪੂਰੇ ਦੇ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨ ਜਸਵੀਰ ਸਿੰਘ ਨੇ ਕੱਲ੍ਹ ਆਪਣੇ ਘਰ ਦੇ ਪਿਛਲੇ ਪਾਸੇ ਦਰੱਖਤ ਨਾਲ ਫਾਹਾ ਲੈ ਕੇ ਆਪਣੀ ਜ਼ਿੰਦਗੀ ਸਮਾਪਤ ਕਰ ਲਈ।

ਮ੍ਰਿਤਕ ਜਸਵੀਰ ਸਿੰਘ ਦੇ ਪੁੱਤਰ ਰਾਜਪਾਲ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਹ ਸਾਧਾਰਨ ਕਿਸਾਨ ਹਨ ਤੇ ਉਸ ਦੇ ਪਿਤਾ ਜਸਵੀਰ ਸਿੰਘ ਠੇਕੇ 'ਤੇ ਜ਼ਮੀਨ ਲੈ ਕੇ ਵਾਹੀ ਕਰਦੇ ਸਨ ਤੇ ਖੇਤੀ 'ਚੋਂ ਘਾਟਾ ਪੈਣ ਕਾਰਨ ਉਹ ਕਰਜ਼ੇ ਦੀ ਮਾਰ ਹੇਠ ਸਨ। ਉਸ ਨੇ ਬੈਂਕ ਦਾ 26 ਲੱਖ ਰੁਪਏ ਦਾ ਕਰਜ਼ਾ ਦੇਣਾ ਸੀ ਤੇ ਇਸ ਸਬੰਧੀ ਕੇਸ ਅਦਾਲਤ 'ਚ ਵਿਚਾਰ ਅਧੀਨ ਸੀ, ਜਿਸ ਕਾਰਨ ਉਸ ਦਾ ਪਿਤਾ ਅਕਸਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਕੱਲ੍ਹ ਸਵੇਰੇ ਘਰ ਦੇ ਪਿਛਲੇ ਪਾਸੇ ਲਾਈ ਸਬਜ਼ੀ ਕੋਲ ਉਨ੍ਹਾਂ ਦਾ ਪਿਤਾ ਗੇੜਾ ਮਾਰਨ ਗਿਆ, ਪਰ ਉਸ ਦੇ ਨਾ ਮੁੜਨ 'ਤੇ ਪਰਵਾਰਕ ਮੈਂਬਰਾਂ ਨੇ ਜਾ ਕੇ ਦੇਖਿਆ ਤਾਂ ਉਸ ਦੀ ਲਾਸ਼ ਦਰੱਖਤ ਨਾਲ ਲਟਕ ਰਹੀ ਸੀ।

## ਪੁਲਸ ਆਪਣੇ ਉੱਤੇ ਹਮਲੇ ਦੇ ਸਬੂਤ ਪੇਸ਼ ਨਹੀਂ ਕਰ ਸਕੀ, ਤਿੰਨ ਗੈਂਗਸਟਰ ਬਰੀ

ਅੰਮ੍ਰਿਤਸਰ, 17 ਅਕਤੂਬਰ (ਪੋਸਟ ਬਿਊਰੋ)- ਪੁਲਸ ਪਾਰਟੀ 'ਤੇ ਹਮਲਾ ਕਰਨ ਦੇ ਅੱਠ ਸਾਲ ਤੋਂ ਚੱਲ ਰਹੇ ਕੇਸ ਵਿੱਚ ਕੱਲ੍ਹ ਅਦਾਲਤ ਨੇ ਗੈਂਗਸਟਰ ਭੁਪਿੰਦਰ ਸਿੰਘ ਉਰਫ ਸੋਨੂੰ ਕੰਗਲਾ ਅਤੇ ਉਸ ਦੇ ਨਾਲ ਰਮਣੀਕ ਸਿੰਘ, ਸੋਨੂ ਮੋਟਾ, ਵਿਜੇ ਕੁਮਾਰ ਉਰਫ ਟੋਪੀ, ਪ੍ਰਹਿਲਾਦ ਕੁਮਾਰ ਅਤੇ ਸਿਮਰਨਜੀਤ ਸਿੰਘ ਨੂੰ ਬਰੀ ਕਰ ਦਿੱਤਾ ਹੈ। ਸਬੂਤਾਂ ਦੀ ਘਾਟ ਕਾਰਨ ਉਕਤ ਤਿੰਨੇ ਗੈਂਗਸਟਰ ਬੇਕਸੂਰ ਸਾਬਤ ਹੋ ਗਏ। ਇਸ ਮਾਮਲੇ ਵਿੱਚ ਜਿਨ੍ਹਾਂ ਪੁਲਸ ਅਧਿਕਾਰੀਆਂ ਦੇ ਬਿਆਨਾਂ 'ਤੇ ਕੇਸ ਦਰਜ ਹੋਇਆ ਸੀ, ਬਾਅਦ ਵਿੱਚ ਉਹ ਖੁਦ ਹੀ ਇਸ ਨੂੰ ਅੱਗੇ ਨਹੀਂ ਵਧਾ ਸਕੇ।



ਥਾਣਾ ਸੁਲਤਾਨਵਿੰਡ ਵਿੱਚ 2010 ਵਿੱਚ ਦਰਜ ਐੱਫ ਆਈ ਆਰ ਵਿੱਚ ਸ਼ਿਕਾਇਤ ਕਰਤਾ ਸਬ ਇੰਸਪੈਕਟਰ ਤਾਰਾ ਚੰਦ ਨੇ ਦੱਸਿਆ ਸੀ ਕਿ ਉਹ ਥਾਣਾ ਕਰਤਾਰਪੁਰ ਵਿੱਚ ਸਹਾਇਕ ਇੰਚਾਰਜ ਸਨ। ਉਨ੍ਹਾਂ ਨੇ ਚੋਰੀ ਦੇ ਕੇਸ ਵਿੱਚ ਮਨਿੰਦਰ ਉਰਫ ਸੋਨੂੰ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਚੋਰੀ ਦੇ ਸਾਮਾਨ ਦੀ ਰਿਕਵਰੀ ਲਈ ਉਹ ਇੰਸਪੈਕਟਰ ਇੰਦਰਜੀਤ ਸਿੰਘ ਅਤੇ ਹੋਰਾਂ ਮੁਲਾਜ਼ਮਾਂ ਨਾਲ ਦੋਸ਼ੀ ਦੀ ਦੱਸੀ ਜਗ੍ਹਾ ਉਤੇ ਰੇਡ ਕਰਨ ਗਏ ਸਨ। ਉਹ ਦੋਸ਼ੀ ਨੂੰ ਲੈ ਕੇ ਸਰਕਾਰੀ ਗੱਡੀ ਵਿੱਚ ਸਨ ਅਤੇ ਥਾਣਾ ਇੰਚਾਰਜ ਇੰਦਰਜੀਤ ਸਿੰਘ ਵੱਖਰੀ ਗੱਡੀ ਵਿੱਚ ਅੱਗੇ ਜਾ ਰਹੇ ਸਨ। ਥਾਣਾ ਸੁਲਤਾਨਵਿੰਡ ਰੋਡ 'ਤੇ ਮੋਟਰ ਸਾਈਕਲਾਂ 'ਤੇ ਆਏ 20-25 ਨੌਜਵਾਨਾਂ ਨੇ ਉਨ੍ਹਾਂ ਤੇ ਹਮਲਾ ਕਰ ਕੇ ਦੋਸ਼ੀ ਮਨਿੰਦਰ ਸਿੰਘ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਪਤਾ ਲੱਗਾ ਕਿ ਇਸ ਮੌਕੇ ਹਮਲਾ ਕਰਨ ਵਾਲੇ ਸੋਨੂੰ ਕੰਗਲਾ, ਸੋਨੂੰ ਮੋਟਾ, ਵਿਜੇ ਟੋਪੀ, ਪ੍ਰਹਿਲਾਦ ਕੁਮਾਰ, ਸਿਮਰਨਜੀਤ ਸਿੰਘ ਆਦਿ ਸਨ। ਅਦਾਲਤ ਵਿੱਚ ਪੁਲਸ ਕੇਸ ਸਾਬਤ ਨਹੀਂ ਕਰ ਸਕੀ।

## 'ਆਪ' ਪਾਰਟੀ ਨੇ ਰੁੱਸੇ ਲੋਕਾਂ ਨੂੰ ਮਨਾਉਣ ਲਈ ਤਾਲਮੇਲ ਕਮੇਟੀ ਬਣਾਈ

ਚੰਡੀਗੜ੍ਹ, 17 ਅਕਤੂਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਪੰਜਾਬ ਕੋਰ ਕਮੇਟੀ ਨੇ ਪਾਰਟੀ ਦੇ ਰੁੱਸੇ ਆਗੂਆਂ ਨੂੰ ਮਨਾਉਣ ਲਈ ਜਗਰਾਉਂ ਤੋਂ ਵਿਧਾਇਕਾ ਸਰਬਜੀਤ ਕੌਣ ਮਾਣੂਕੇ ਦੀ ਅਗਵਾਈ ਹੇਠ ਇਕ ਪੰਜ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ।

ਇਸ ਕਮੇਟੀ ਵਿੱਚ ਪਾਰਲੀਮੈਂਟ ਮੈਂਬਰ ਭਗਵੰਤ ਮਾਨ, ਮੀਤ ਹੇਅਰ, ਰੁਪਿੰਦਰ ਕੌਰ ਰੂਬੀ ਅਤੇ ਕੁਲਵੰਤ ਸਿੰਘ ਪੰਡੋਰੀ (ਸਾਰੇ ਵਿਧਾਇਕ) ਸ਼ਾਮਲ ਹਨ।

ਕੋਰ ਕਮੇਟੀ ਦੇ ਚੇਅਰਮੈਨ ਤੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਨੂੰ 2019 ਦੀਆਂ ਲੋਕ ਸਭਾ ਚੋਣਾਂ ਲਈ ਜਥੇਬੰਦ ਕਰਨ ਅਤੇ ਬੂਥ ਪੱਧਰ ਤੱਕ ਟੀਮਾਂ ਕਾਇਮ ਕਰਨ ਦੀ ਰਣਨੀਤੀ 'ਤੇ ਵਿਚਾਰ ਕੀਤਾ ਗਿਆ।

ਇਨ੍ਹਾਂ ਆਗੂਆਂ ਨੇ ਦੱਸਿਆ ਕਿ ਇਸ ਰਣਨੀਤੀ ਤਹਿਤ ਕਮੇਟੀ ਨੇ 'ਸਾਡਾ ਬੂਥ ਸਭ ਤੋਂ ਮਜ਼ਬੂਤ' ਪ੍ਰੋਗਰਾਮ ਹੇਠ ਪਾਰਟੀ ਨੂੰ ਧਰਾਤਲ ਪੱਧਰ ਤੱਕ ਮਜ਼ਬੂਤ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਕੋਰ ਕਮੇਟੀ ਨੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ 'ਆਪ' ਪਾਰਟੀ ਐਸ ਸੀ (ਦਲਿਤ) ਵਿੰਗ ਦਾ ਸੂਬਾ ਪ੍ਰਧਾਨ ਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਸੂਬਾ ਸਹਿ ਪ੍ਰਧਾਨ ਨਿਯੁਕਤ ਕੀਤਾ ਹੈ। ਕੋਰ ਕਮੇਟੀ ਨੇ 'ਆਪ' ਵਿਧਾਇਕ ਐਚ ਐਸ ਫੂਲਕਾ ਵੱਲੋਂ ਬੇਅਦਬੀ ਮਾਮਲੇ 'ਚ ਕਸੂਰਵਾਰਾਂ ਨੂੰ ਸਜ਼ਾ ਨਾ ਦਿੱਤੇ ਜਾਣ ਦੇ ਰੋਸ ਵਜੋਂ ਦਿੱਤੇ ਅਸਤੀਫੇ ਨੂੰ 'ਫੂਲਕਾ ਦੀ ਕੁਰਬਾਨੀ' ਕਰਾਰ ਦਿੱਤਾ ਹੈ। ਕਮੇਟੀ ਨੇ ਕਿਹਾ ਕਿ ਫੂਲਕਾ ਨੇ ਇਹ ਅਸਤੀਫਾ ਕੈਪਟਨ ਅਮਰਿੰਦਰ ਸਿੰਘ ਸਮੇਤ ਪੰਜ ਕਾਂਗਰਸੀ ਮੰਤਰੀਆਂ ਦੀਆਂ ਜ਼ਮੀਰਾਂ ਜਗਾਉਣ ਲਈ ਦਿੱਤਾ ਹੈ। ਕੋਰ ਕਮੇਟੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੀਡੀਆ ਰਾਹੀਂ ਸੰਦੇਸ਼ ਦਿੱਤਾ ਕਿ ਉਹ ਫੂਲਕਾ ਦਾ ਅਸਤੀਫਾ ਪ੍ਰਵਾਨ ਕਰਨ ਦੀ ਥਾਂ ਬੇਅਦਬੀ ਅਤੇ ਬਹਿਬਲ ਕਲਾਂ ਦੇ ਕਸੂਰਵਾਰਾਂ ਨੂੰ ਸਜ਼ਾ ਦੇਣ।

## ਅਕਾਲੀ ਭਾਜਪਾ ਵਫਦ ਪੰਜਾਬ ਦੇ ਗਵਰਨਰ ਕੋਲ ਰਾਜ ਸਰਕਾਰ ਦੀ ਸ਼ਿਕਾਇਤ ਕਰਨ ਪੁੱਜਾ

ਚੰਡੀਗੜ੍ਹ, 17 ਅਕਤੂਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਵਫਦ ਨੇ ਕੱਲ੍ਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨਾਲ ਮੁਲਾਕਾਤ ਕੀਤੀ ਅਤੇ ਗਵਰਨਰ ਨੂੰ ਅਪੀਲ ਕੀਤੀ ਹੈ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗਰਮ ਖਿਆਲੀਆਂ ਦੀ ਪਿੱਠ ਥਾਪੜ ਕੇ ਪੰਜਾਬ ਨੂੰ ਮੁੜ ਤੋਂ ਕਾਲੇ ਦਿਨਾਂ ਵੱਲ ਧੱਕਣ ਤੋਂ ਰੋਕਣ ਲਈ ਜ਼ਰੂਰੀ ਕਾਰਵਾਈ ਕਰਨ।



ਇਸ ਸੰਬੰਧ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਪੰਜਾਬ ਭਾਜਪਾ ਪ੍ਰਧਾਨ ਸ਼ਵੇਤ ਮਲਿਕ ਨੇ ਗਵਰਨਰ ਨੂੰ ਮੰਗ ਪੱਤਰ ਸੌਂਪ ਕੇ ਕਿਹਾ ਕਿ ਯੂ ਪੀ ਪੁਲਸ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਕੀਤੇ ਖੁਲਾਸੇ ਸਮੇਤ ਹਾਲ ਹੀ ਵਿੱਚ ਵਾਪਰੀਆਂ ਘਟਨਾਵਾਂ ਪੰਜਾਬ ਵਿੱਚ ਕਾਂਗਰਸ ਪਾਰਟੀ ਵੱਲੋਂ ਗਰਮ ਖਿਆਲੀਆਂ ਨੂੰ ਦਿੱਤੀ ਹੱਲਾਸ਼ੇਰੀ ਦਾ ਨਤੀਜਾ ਹਨ। ਵਫਦ ਨੇ ਕਿਹਾ ਕਿ ਰਾਸ਼ਟਰ ਵਿਰੋਧੀ ਤਾਕਤਾਂ ਸਾਬਕਾ ਮੁੱਖ ਮੰਤਰੀ ਬਾਦਲ ਨੂੰ ਖਾਮੋਸ਼ ਕਰਨਾ ਚਾਹੁੰਦੀਆਂ ਹਨ, ਕਿਉਂਕਿ ਉਹ ਹਿੰਦੂ ਸਿੱਖ ਏਕਤਾ ਦੇ ਸਮਰਥਕ ਹਨ ਅਤੇ ਕਾਂਗਰਸ ਪਾਰਟੀ ਅਕਾਲੀ ਦਲ ਅਤੇ ਇਸ ਦੇ ਸੀਨੀਅਰ ਆਗੂਆਂ ਵਿਰੁੱਧ ਗਰਮ ਖਿਆਲੀਆਂ ਦੇ ਰੋਸ ਪ੍ਰਦਰਸ਼ਨਾਂ ਦਾ ਸਮਰਥਨ ਕਰਕੇ ਉਨ੍ਹਾਂ ਦੇ ਹੱਥਾਂ ਵਿੱਚ ਖੇਡ ਰਹੀ ਹੈ, ਜਿਸ ਨੂੰ ਰੋਕੇ ਜਾਣ ਦੀ ਲੋੜ ਹੈ।ਇਸ ਵਫਦ ਨੇ ਗਵਰਨਰ ਨੂੰ ਯੂ ਟੀ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੇ ਇਕ ਨਵੇਂ ਰੁਝਾਨ ਤੋਂ ਵੀ ਜਾਣੂ ਕਰਵ-ਾਇਆ, ਜਿਸ ਹੇਠ ਜੇ ਬੀ ਟੀ ਅਧਿਆਪਕਾਂ ਦੀਆਂ 418 ਅਸਾਮੀਆਂ ਲਈ ਪੰਜਾਬੀ ਦੀ ਯੋਗਤਾ ਦੀ ਸ਼ਰਤ ਹਟਾ ਕੇ ਚੋਣ ਮਾਪਦੰਡਾਂ ਨੂੰ ਬਦਲਿਆ ਜਾ ਰਿਹਾ ਹੈ।

ਮੰਨ ਪਸੰਦ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops




We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Condo Townhouse for sale.








ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*
Looking For a Nest..? Call the Best




UPPAL LAW
FREE CONSULTATION !




IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



## ਲੇਡੀਜ਼ ਵਾਸ਼ਰੂਮ ਵਿੱਚ ਜਾਣੋਂ ਰੋਕਿਆ ਨੇਤਾ ਦੇ ਪੁੱਤਰ ਨੇ ਪਿਸਤੌਲ ਤਾਣੀ



ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਭੀਕਾਜੀ ਕਾਮਾ ਪਲੇਸ ਵਿੱਚ ਫਾਈਵ ਸਟਾਰ ਹੋਟਲ ਹਿਆਤ ਵਿੱਚ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸਾਬਕਾ ਪਾਰਲੀਮੈਂਟ ਮੈਂਬਰ ਰਾਕੇਸ਼ ਪਾਂਡੇ ਦੇ ਬੇਟੇ ਆਸ਼ੀਸ਼ ਨੇ ਭੱਦਾ ਵਿਹਾਰ ਕੀਤਾ। ਪਹਿਲਾਂ ਉਹ ਜਬਰ ਦਸਤੀ ਲੇਡੀਜ਼ ਵਾਸ਼ਰੂਮ ਵਿੱਚ ਜਾ ਵੜਿਆ, ਟੋਕਣ ਉੱਤੇ ਪਿਸਟਲ ਤਾਣ ਕੇ ਪਤੀ-ਪਤਨੀ ਅਤੇ ਉਸ ਹੋਟਲ ਦੇ ਸਟਾਫ ਨੂੰ ਧਮਕਾਉਂਦਾ ਰਿਹਾ ਤੇ ਭੱਦੀ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ।

ਇਸ ਸੰਬੰਧ ਵਿੱਚ ਵੀਡੀਓ ਵਾਇਰਲ ਹੋ ਜਾਣ ਮਗਰੋਂ ਦਿੱਲੀ ਪੁਲਸ ਨੇ ਆਸ਼ੀਸ਼ ਦੇ ਖਿਲਾਫ ਲੁਕਆਊਟ ਨੋਟਿਸ ਜਾਰੀ ਕਰ ਦਿੱਤਾ ਹੈ। ਕੱਲ੍ਹ ਦੁਪਹਿਰ ਦਿੱਲੀ ਪੁਲਸ ਆਸ਼ੀਸ਼ ਦੀ ਤਲਾਸ਼ ਕਰਦੀ ਹੋਈ ਲਖਨਊ ਉਸ ਦੇ ਘਰ ਵੀ ਪਹੁੰਚੀ, ਪਰ ਉਹ ਹੱਥ ਨਹੀਂ ਲੱਗਾ। ਸ਼ਨੀਵਾਰ ਰਾਤ ਵਾਪਰੀ ਇਸ ਘਟਨਾ ਬਾਰੇ ਕਿਸੇ ਨੇ ਵੀ ਸ਼ਿਕਾਇਤ ਨਹੀਂ ਦਰਜ ਕਰਵਾਈ। ਪੁਲਸ ਨੇ ਵੀਡੀਓ ਦੇ ਆਧਾਰ 'ਤੇ ਦੋਸਲੀ ਦੇ ਖਿਲਾਫ ਆਰ ਕੇ ਪੁਰਮ ਥਾਣੇ ਵਿੱਚ ਆਰਮਜ਼ ਐਕਟ ਅਤੇ ਹੋਰਨਾਂ ਧਾਰਾਵਾਂ ਦੀ ਰਿਪੋਰਟ ਦਰਜ ਕੀਤੀ ਹੈ। ਹੋਟਲ ਦੇ ਅਸਿਸਟੈਂਟ ਸਕਿਓਰਿਟੀ ਮੈਨੇਜਰ ਦਾ ਕਹਿਣਾ ਹੈ ਕਿ ਇਹ ਸੂਚਨਾ ਮਿਲੀ ਸੀ ਕਿ ਇੱਕ ਨੌਜਵਾਨ ਲੇਡੀਜ਼ ਵਾਸ਼ਰੂਮ ਵਿੱਚ ਵੜ ਗਿਆ ਹੈ। ਜਦੋਂ ਉਹ ਪਹੁੰਚੇ ਤਾਂ ਵਾਸ਼ਰੂਮ ਦੇ ਬਾਹਰ ਬਹਿਸ ਹੋ ਰਹੀ ਸੀ। ਇਸ ਦੇ ਬਾਅਦ ਆਸ਼ੀਸ਼ ਪਾਂਡੇ ਆਪਣੀ ਬੀ ਐਮ ਡਬਲਯੂ ਕਾਰ ਵਿੱਚੋ ਪਿਸਟਲ ਕੱਢ ਲਿਆਇਆ ਤੇ ਪਤੀ-ਪਤਨੀ ਨੂੰ ਧਮਕਾਉਣ ਲੱਗ ਪਿਆ। ਆਸ਼ੀਸ਼ ਦੇ ਨਾਲ ਤਿੰਨ ਲੜਕੀਆਂ ਵੀ ਸਨ।

### ਸੀ ਬੀ ਆਈ ਨੇ ਮੰਨਿਆ:

# ਦਿੱਲੀ ਦੰਗਿਆਂ ਦੇ ਕੇਸ ਦੀ ਪੁਲਸ ਜਾਂਚ ਵਿੱਚ ਖ਼ਾਮੀ ਸੀ

* ਦੋਸ਼ੀ ਸੱਜਣ ਕੁਮਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ

ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਸੀ ਬੀ ਆਈ ਨੇ ਕੱਲ੍ਹ ਦਿੱਲੀ ਹਾਈ ਕੋਰਟ ਵਿੱਚ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਵਿੱਚ ਕਾਂਗਰਸ ਨੇਤਾ ਸੱਜਣ ਕੁਮਾਰ ਦੀ ਭੂਮਿਕਾ ਦੀ ਜਾਂਚ ਵਿੱਚ ਖ਼ਾਮੀ ਸੀ, ਇਸ ਵਿੱਚ ਸੱਜਣ ਕੁਮਾਰ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ।

ਜਸਟਿਸ ਐੱਸ ਮੁਰਲੀਧਰ ਤੇ ਜਸਟਿਸ ਵਿਨੋਦ ਗੋਇਲ ਦੀ ਬੈਂਚ ਨੂੰ ਸੀ ਬੀ ਆਈ ਦੇ ਵਿਸ਼ੇਸ਼ ਸਰਕਾਰੀ ਵਕੀਲ ਆਰ ਐੱਸ ਚੀਮਾ ਨੇ ਦੱਸਿਆ ਕਿ ਦਿੱਲੀ ਪੁਲਸ ਦੀ ਜਾਂਚ ਵਿੱਚ ਖਾਮੀ ਸੀ, ਜਿਸ ਨੇ ਇਸ ਆਸ ਵਿੱਚ ਐੱਫ ਆਈ ਆਰ ਠੰਢੇ ਬਸਤੇ ਵਿੱਚ ਰੱਖੀ ਕਿ ਲੋਕ ਸਮਝੌਤੇ ਕਰ ਲੈਣਗੇ ਅਤੇ ਮਾਮਲੇ ਨੂੰ ਸੁਲਝਾ ਲੈਣਗੇ। ਉਨ੍ਹਾਂ ਨੇ ਏਜੰਸੀ ਵੱਲੋਂ ਦਲੀਲਾਂ ਪੂਰੀਆਂ ਕਰਦੇ ਹੋਏ ਇਹ ਗੱਲ ਅਦਾਲਤ ਵਿੱਚ ਕਹੀ। ਸੇਵਾ-ਮੁਕਤ ਹਵਾਈ ਫੌਜ ਅਧਿਕਾਰੀ ਕੈਪਟਨ ਭਾਗਮਲ, ਸਾਬਕਾ ਕਾਂਗਰਸ ਕੌਂਸਲਰ ਬਲਵਾਨ ਖੋਖਰ, ਗਿਰਧਾਰੀ ਲਾਲ ਅਤੇ ਦੋ ਹੋਰਨਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਬਾਅਦ ਹੋਏ ਦੰਗਿਆਂ ਦੇ ਦੌਰਾਨ ਇੱਕ ਨਵੰਬਰ 1984 ਨੂੰ ਦਿੱਲੀ ਕੈਂਟ ਦੇ ਰਾਜ ਨਗਰ ਇਲਾਕੇ ਵਿੱਚ ਇੱਕ ਪਰਵਾਰ ਦੇ ਪੰਜ ਮੈਂਬਰਾਂ ਦੀ ਹੱਤਿਆ ਨਾਲ ਸੰਬੰਧਤ ਕੇਸ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਹੇਠਲੀ ਅਦਾਲਤ ਨੇ ਇਸ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ। ਇਸ ਫੈਸਲੇ ਖਿਲਾਫ ਸੀ ਬੀ ਆਈ ਅਤੇ ਪੀੜਤ ਪਰਵਾਰ ਨੇ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ। ਹੇਠਲੀ ਕੋਰਟ ਨੇ ਭਾਗਮਲ, ਖੋਖਰ ਅਤੇ ਗਿਰਧਾਰੀ ਲਾਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਉਹ ਵੀ ਮਈ 2013 ਵਿੱਚ ਹੇਠਲੀ ਅਦਾਲਤ ਵੱਲੋਂ ਆਪਣੀ ਦੋਸ਼ ਸਿੱਧੀ ਅਤੇ ਸਜ਼ਾ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ ਪਹੁੰਚੇ। ਸੱਜਣ ਕੁਮਾਰ ਵੱਲੋਂ ਦਲੀਲਾਂ 'ਤੇ ਸੁਣਵਾਈ 22 ਅਕਤੂਬਰ ਨੂੰ ਸ਼ੁਰੂ ਹੋਵੇਗੀ।



## 'ਸਵੱਛ ਗੰਗਾ ਮਿਸ਼ਨ' ਹੇਠ ਗੰਗਾ ਨੂੰ ਗੰਦਾ ਕਰਨ ਵਾਲਿਆਂ ਉਤੇ ਲਗਾਮ ਲੱਗੀ



ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਗੰਗਾ ਨਦੀ ਨੂੰ ਭਾਰਤ ਦੀ ਪਵਿੱਤਰ ਨਦੀ ਕਿਹਾ ਜਾਂਦਾ ਹੈ, ਜਿੱਥੇ ਵੱਡੀ ਗਿਣਤੀ ਵਿਚ ਹਿੰਦੂ ਸ਼ਰਧਾਲੂ ਕਈ ਮੌਕਿਆਂ 'ਤੇ ਇਸ਼ਨਾਨ ਕਰਨ ਜਾਂਦੇ ਹਨ। ਉਦਯੋਗਿਕ ਯੂਨਿਟ ਗੰਗਾ ਨੂੰ ਗੰਦਾ ਕਰਨ 'ਚ ਕਸਰ ਨਹੀਂ ਛੱਡ ਰਹੇ। ਉਨ੍ਹਾਂ ਉਤੇ ਲਗਾਮ ਕੱਸਣ ਲਈ ਸਰਕਾਰ ਨੇ 'ਸਵੱਛ ਗੰਗਾ ਮਿਸ਼ਨ' ਬਣਾਇਆ ਹੈ। ਇਸ ਮਿਸ਼ਨ ਅਤੇ ਸਰਕਾਰ ਦੀ ਸਖਤੀ ਤੋਂ ਬਾਅਦ ਗੰਗਾ ਨਦੀ ਨੂੰ ਪ੍ਰਦੂਸ਼ਿਤ ਕਰਨ ਵਾਲੇ ਉਦਯੋਗਿਕ ਯੂਨਿਟਾਂ ਨੇ ਨਿਯਮਾਂ ਦਾ ਕਾਫੀ ਹੱਦ ਤੱਕ ਪਾਲਣ ਕਰਨਾ ਸ਼ੁਰੂ ਕਰ ਦਿੱਤਾ ਹੈ।

ਰਾਸ਼ਟਰੀ ਸਵੱਛ ਗੰਗਾ ਮਿਸ਼ਨ (ਐਨ ਐਮ ਸੀ ਜੀ) ਨੇ ਬੀਤੇ ਢਾਈ ਸਾਲ ਵਿਚ ਨਿਯਮਾਂ ਦਾ ਪਾਲਣ ਨਾ ਕਰ ਰਹੇ 350 ਉਦਯੋਗਿਕ ਯੂਨਿਟਾਂ ਨੂੰ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਹੈ। ਇਹ ਉਦਯੋਗਿਕ ਯੂਨਿਟ ਗੰਗਾ ਨੂੰ ਗੰਦਾ ਕਰ ਰਹੇ ਸਨ। ਇਸ ਦਾ ਅਸਰ ਇਹ ਹੋਇਆ ਕਿ ਜੋ ਉਦਯੋਗਿਕ ਯੂਨਿਟ ਨਿਯਮਾਂ ਦਾ ਉਲੰਘਣ ਕਰ ਕੇ ਗੰਗਾ ਨੂੰ ਗੰਦਾ ਕਰ ਰਹੇ ਸਨ, ਉਨ੍ਹਾਂ ਦੀ ਗਿਣਤੀ ਕਾਫੀ ਘਟ ਗਈ ਹੈ। ਸਾਲ 2016-17 ਅਤੇ 2017-18 ਵਿੱਚ ਕੁੱਲ 538 ਉਦਯੋਗਿਕ ਯੂਨਿਟ ਇਹੋ ਜਿਹੇ ਸਨ, ਜੋ ਨਿਯਮਾਂ ਦਾ ਪਾਲਣ ਨਹੀਂ ਕਰਦੇ ਸਨ, ਪਰ ਅਗਸਤ 2018 ਦੇ ਅਖੀਰ ਤਕ ਇਹ ਗਿਣਤੀ ਘਟ ਕੇ ਸਿਰਫ 57 ਰਹਿ ਗਈ ਹੈ। ਇਸੇ ਸਾਲ ਅਪ੍ਰੈਲ-ਜੂਨ ਵਿਚ ਗੰਗਾ ਦੇ ਆਲੇ-ਦੁਆਲੇ ਕੁੱਲ 961 ਉਦਯੋਗਿਕ ਯੂਨਿਟਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 620 ਯੂਨਿਟਾਂ ਦੀ ਰਿਪੋਰਟ ਕੀਤੀ ਗਈ, ਜੋ ਗੰਗਾ ਨੂੰ ਗੰਦਾ ਕਰ ਰਹੇ ਸਨ। ਇਨ੍ਹਾਂ ਵਿੱਚੋਂ 352 ਕੰਪਨੀਆਂ ਨਿਯਮਾਂ ਦਾ ਪਾਲਣ ਕਰ ਰਹੀਆਂ ਹਨ, 211 ਨੇ ਖੁਦ ਹੀ ਕੰਮ ਬੰਦ ਕਰ ਦਿੱਤਾ। ਨਿਯਮਾਂ ਦਾ ਪਾਲਣ ਨਾ ਕਰ ਰਹੇ 57 ਯੂਨਿਟਾਂ ਨੂੰ ਵਾਤਾਵਰਣ ਸੁਰੱਖਿਆ ਕਾਨੂੰਨ ਬਾਰੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ 751 ਪ੍ਰਦੂਸ਼ਣਕਾਰੀ ਯੂਨਿਟਾਂ ਦੀ ਜਾਂਚ ਕੀਤੀ ਗਈ ਕਿ ਉਹ ਗੰਗਾ ਨੂੰ ਗੰਦਾ ਕਰਨੋਂ ਰੋਕਣ ਦੇ ਨਿਯਮਾਂ ਦਾ ਪਾਲਣ ਕਰਦੇ ਹਨ ਜਾਂ ਨਹੀਂ। ਇਨ੍ਹਾਂ ਵਿੱਚੋਂ 385 ਨਿਯਮਾਂ ਦਾ ਪਾਲਣ ਨਹੀਂ ਸਨ ਕਰਦੇ।

## ਮਾਇਆਵਤੀ ਵਾਲਾ ਬੰਗਲਾ ਮਿਲਦੇ ਹੀ ਸ਼ਿਵਪਾਲ ਨੇ ਭਤੀਜੇ ਉਤੇ ਬਿਆਨ ਦਾਗਿਆ

ਲਖਨਊ, 17 ਅਕਤੂਬਰ (ਪੋਸਟ ਬਿਊਰੋ)- ਸਮਾਜਵਾਦੀ ਪਾਰਟੀ ਤੋਂ ਬਗਾਵਤ ਕਰਕੇ ਸਮਾਜਵਾਦੀ ਸੈਕੂਲਰ ਮੋਰਚਾ ਬਣਾ ਚੁੱਕੇ ਸ਼ਿਵਪਾਲ ਯਾਦਵ ਨੇ ਅੱਜ ਬੁੱਧਵਾਰ ਨਵੇਂ ਸਰਕਾਰੀ ਬੰਗਲੇ 'ਚ ਗ੍ਰਹਿ ਪ੍ਰਵੇਸ਼ ਕੀਤਾ। ਇਸ ਵਿੱਚ ਸ਼ਿਵਪਾਲ ਤੋਂ ਪਹਿਲਾਂ ਬੀਬੀ ਮਾਇਆਵਤੀ ਰਹਿੰਦੀ ਸੀ। ਅੱਜ ਗ੍ਰਹਿ ਪ੍ਰਵੇਸ਼ ਦੌਰਾਨ ਸ਼ਿਵਪਾਲ ਨੇ ਭਤੀਜੇ ਅਖਿਲੇਸ਼ ਯਾਦਵ 'ਤੇ ਹਮਲਾ ਬੋਲਿਆ ਅਤੇ ਕਿਹਾ ਕਿ 'ਅਖਿਲੇਸ਼ ਯਾਦਵ ਤੋਂ ਕਿਤੇ ਵੱਧ ਯੋਗਦਾਨ ਸਮਾਜਵਾਦੀ ਪਾਰਟੀ ਨੂੰ ਬਣਾਉਣ ਵਿੱਚ ਮੇਰਾ ਹੈ। ਅਸੀਂ ਹੀ ਸਮਾਜਵਾਦੀ ਪਾਰਟੀ ਹਾਂ ਅਤੇ ਅਸੀਂ ਸੈਕੂਲਰ ਵੀ ਹਾਂ।'

ਇਸ ਦੌਰਾਨ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਵੱਲੋਂ ਸਮਾਜਵਾਦੀ ਸੈਕੂਲਰ ਮੋਰਚੇ ਨੂੰ ਭਾਜਪਾ ਦੀ ਬੀ ਟੀਮ ਕਹੇ ਜਾਣ ਉੱਤੇ ਭੜਕੇ ਹੋਏ ਸ਼ਿਵਪਾਲ ਨੇ ਕਿਹਾ ਕਿ ਮੈਨੂੰ ਭਾਜਪਾ ਦੀ ਬੀ ਟੀਮ ਕਹਿਣ ਦਾ ਅਖਿਲੇਸ਼ ਯਾਦਵ ਨੂੰ ਕੋਈ ਅਧਿਕਾਰ ਨਹੀਂ, ਜਿੱਥੇ-ਜਿੱਥੇ ਚੋਣਾਂ ਹੋ ਰਹੀਆਂ ਹਨ, ਉਥੇ ਸਮਾਜਵਾਦੀ ਪਾਰਟੀ ਦੀ ਹੈਸੀਅਤ ਕੀ ਹੈ, ਛੇਤੀ ਪਤਾ ਚੱਲ ਜਾਵੇਗਾ। ਸ਼ਿਵਪਾਲ ਨੇ ਕਿਹਾ ਕਿ ਮੈਂ ਮੁਲਾਇਮ ਸਿੰਘ ਯਾਦਵ ਦੇ ਆਸ਼ੀਰਵਾਦ ਨਾਲ ਸਮਾਜਵਾਦੀ ਸੈਕੂਲਰ ਮੋਰਚਾ ਬਣਾਇਆ ਹੈ। ਨੇਤਾ ਜੀ ਦਾ ਆਸ਼ੀਰਵਾਦ ਸਾਡੇ ਨਾਲ ਹਮੇਸ਼ਾ ਰਿਹਾ ਹੈ ਤੇ ਅੱਗੇ ਵੀ ਰਹੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸਮਾਜਵਾਦੀ ਸੈਕੂਲਰ ਮੋਰਚਾ ਦੇ ਬਿਨਾਂ ਕੇਂਦਰ 'ਚ ਸਰਕਾਰ ਨਹੀਂ ਬਣੇਗੀ।

## ਨਹਿਰ ਵਿੱਚ ਬੱਸ ਡਿੱਗਣ ਨਾਲ ਛੇ ਮੌਤਾਂ



ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਦੇ ਹਰਿਪਾਲ ਇਲਾਕੇ ਵਿੱਚ ਕੱਲ੍ਹ ਇੱਕ ਬਸ ਨਹਿਰ ਵਿੱਚ ਡਿੱਗ ਗਈ, ਜਿਸ ਦੇ ਨਾਲ ਘੱਟ ਤੋਂ ਘੱਟ ਛੇ ਲੋਕਾਂ ਦੀ ਮੌਤ ਦੀ ਖਬਰ ਆ ਰਹੀ ਹੈ ਤੇ ਤਕਰੀਬਨ 22 ਹੋਰ ਲੋਕ ਜ਼ਖਮੀ ਦੱਸੇ ਗਏ ਹਨ। ਪੁਲਸ ਨੇ ਲੋਕਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਹਸਪਤਾਲ ਪਹੁੰਚ-ਾਇਆ।

ਥਾਣਾ ਮੁਖੀ ਸੁਕੇਸ਼ ਜੈਨ ਨੇ ਇਸ ਘਟਨਾ ਬਾਰੇ ਦੱਸਿਆ ਕਿ ਕਲਕੱਤਾ ਜਾ ਰਹੀ ਬਸ ਪੁਲ ਦੀ ਸੀਮੈਂਟ ਦੀ ਰੇਲਿੰਗ ਨਾਲ ਟਕਰਾ ਗਈ ਤੇ ਰੇਲਿੰਗ ਤੋੜਦੇ ਹੋਏ ਸਵੇਰੇ ਕਰੀਬ ਨੌਂ ਵਜੇ ਗੋਜਰ ਮੋੜ ਦੇ ਨੇੜੇ ਪੁਲ ਤੋਂ ਹੇਠਾਂ ਡਿੱਗ ਗਈ। ਉਨ੍ਹਾਂ ਦੱਸਿਆ ਕਿ ਹਾਦਸੇ ਵਿੱਚ ਘੱਟੋ ਘੱਟ 22 ਯਾਤਰੀ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ। ਜ਼ਖਮੀਆਂ ਨੂੰ ਹਰਿਪਾਲ ਹਸਪਤਾਲ ਪਹੁੰਚਾ ਦਿੱਤਾ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਮੌਕੇ ਉੱਤੇ ਸੁਰੱਖਿਆ ਕਾਰਜ ਅਜੇ ਵੀ ਜਾਰੀ ਹੈ ਅਤੇ ਰਾਜ ਆਫਤ ਪ੍ਰਬੰਧਨ ਵਿਭਾਗ ਦੇ ਇੱਕ ਦਲ ਨੂੰ ਘਟਨਾ ਸਥਾਨ ਉੱਤੇ ਭੇਜਿਆ ਗਿਆ ਹੈ।

## ਪ੍ਰਦੂਸ਼ਣ ਬਾਰੇ ਢਿੱਲ ਕਾਰਨ ਕੇਜਰੀਵਾਲ ਸਰਕਾਰ ਨੂੰ ਐੱਨ ਜੀ ਟੀ ਵੱਲੋਂ 50 ਕਰੋੜ ਜੁਰਮਾਨਾ

ਨਵੀਂ ਦਿੱਲੀ, 17 ਅਕਤੂਬਰ (ਪੋਸਟ ਬਿਊਰੋ)- ਦਿੱਲੀ ਵਿੱਚ ਵਧਦੇ ਪ੍ਰਦੂਸ਼ਣ ਦੀ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਜੁਰਮਾਨਾ ਪ੍ਰਦੂਸ਼ਣ ਫੈਲਾਉਣ ਵਾਲੀਆਂ ਕੰਪਨੀਆਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਹੇਠ ਦਿੱਲੀ ਸਰਕਾਰ ਨੂੰ 50 ਕਰੋੜ ਰੁਪਏ ਦਾ ਜੁਰਮਾਨਾ ਲਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਐੱਨ ਜੀ ਟੀ ਨੇ ਰਿਹਾਇਸ਼ੀ ਇਲਾਕਿਆਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੀਆਂ ਕੰਪਨੀਆਂ ਦੀ ਕੰਮ-ਕਾਜੀ ਪ੍ਰਣਾਲੀ ਉੱਤੇ ਡੂੰਘਾ ਇਤਰਾਜ਼ ਕੀਤਾ ਅਤੇ ਦਿੱਲੀ ਸਰਕਾਰ ਨੂੰ ਪ੍ਰਦੂਸ਼ਣ ਫੈਲਾ ਰਹੀਆਂ ਯੂਨਿਟਾਂ ਬੰਦ ਕਰਨ ਦਾ ਨਿਰਦੇਸ਼ ਦਿੱਤਾ ਸੀ। ਇਸ ਦੇ ਬਾਵਜੂਦ ਦਿੱਲੀ ਸਰਕਾਰ ਨੇ ਇਸ ਬਾਰੇ ਪੁਖਤਾ ਕਾਰਵਾਈ ਨਹੀਂ ਸੀ ਕੀਤੀ। ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੀ ਬੈਂਚ ਨੇ ਦਿੱਲੀ ਸਰਕਾਰ ਵਿਰੁੱਧ 50 ਕਰੋੜ ਰੁਪਏ ਦਾ ਜੁਰਮਾਨਾ ਠੋਕਿਆ ਹੈ। ਇਸ ਮਾਮਲੇ ਵਿੱਚ ਇੱਕ ਗੈਰ ਸਰਕਾਰੀ ਸੰਸਥਾ 'ਇੰਡੀਆ ਲੋਕਾਧਿਕਾਰ ਸੰਗਠਨ' ਨੇ ਐੱਨ ਜੀ ਟੀ ਕੋਲ ਪਟੀਸ਼ਨ ਦਾਖਲ ਕੀਤੀ ਸੀ। ਇਹ ਸੰਗਠਨ ਐੱਨ ਜੀ ਟੀ ਦੇ ਹੁਕਮਾਂ ਨੂੰ ਲਾਗੂ ਕਰਵਾਉਣ ਦੇ ਕੰਮ ਦੀ ਨਿਗਰਾਨੀ ਕਰਦਾ ਹੈ। ਦਿੱਲੀ ਮਾਸਟਰ ਪਲਾਨ-2021 ਦੇ ਅਧੀਨ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ ਨੇ ਰਿਹਾਇਸ਼ੀ ਇਲਾਕਿਆਂ ਵਿੱਚ ਚੱਲਦੀਆਂ ਸਟੀਲ ਕੰਪਨੀਆਂ ਨੂੰ ਪਾਬੰਦੀ ਸ਼ੁਦਾ ਸੂਚੀ ਵਿੱਚ ਰੱਖਿਆ ਸੀ ਤੇ ਇਨ੍ਹਾਂ ਵਿਰੁੱਧ ਕਾਰਵਾਈ ਲਈ ਕਿਹਾ ਸੀ।


BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

## ਭਾਰਤ ਦਾ ਪਹਿਲਾ ਕਾਊਂਟਰ ਟੈਰਰਿਜ਼ਮ ਸੈਂਟਰ ਜੈਪੁਰ ਵਿਚ ਬਣੇਗਾ

ਜੈਪੁਰ, 17 ਅਕਤੂਬਰ (ਪੋਸਟ ਬਿਊਰੋ)- ਭਾਰਤ 'ਚ ਵਧਦੀਆਂ ਅੱਤਵਾਦੀ ਘਟਨਾਵਾਂ ਕਾਰਨ ਦੇਸ਼ ਦਾ ਪਹਿਲਾ 'ਗਲੋਬਲ ਕਾਊਂਟਰ ਟੈਰਰਿਜ਼ਮ ਸੈਂਟਰ' ਜੈਪੁਰ ਵਿਚ ਬਣਾਇਆ ਜਾਣਾ ਹੈ। ਰਾਜ ਸਰਕਾਰ ਨੇ ਇਸ ਸੈਂਟਰ ਲਈ ਸਾਂਗਾਨੇਰ ਖੇਤਰ 'ਚ ਜ਼ਮੀਨ ਅਲਾਟ ਕਰ ਦਿੱਤੀ ਹੈ। ਇਸ ਵਿਚ ਅੱਤਵਾਦ ਨਾਲ ਨਿਪਟਣ ਲਈ ਦੇਸ਼ ਦੇ ਪ੍ਰਮੁੱਖ ਮਾਹਿਰ ਤੇ ਫ਼ੌਜੀ ਅਫਸਰ ਕੰਮ ਕਰਨਗੇ। ਸੈਂਟਰ ਦੀ ਸਥਾਪਨਾ ਕੇਂਦਰ ਅਤੇ ਰਾਜ ਸਰਕਾਰ ਦੀ ਸਾਂਝੀ ਪਹਿਲ 'ਤੇ ਕੀਤੀ ਜਾਵੇਗੀ। ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੇ ਸੁਸਾਇਟੀ ਐਕਟ ਨੂੰ ਸਿਧਾਂਤਕ ਮਨਜ਼ੂਰੀ ਦੇ ਕੇ ਇਸ ਸੈਂਟਰ ਦੇ ਬਣਨ ਵਿੱਚ ਆ ਰਹੀਆਂ ਸਾਰੀਆਂ ਅੜਚਣਾਂ ਨੂੰ ਦੂਰ ਕਰ ਦਿੱਤਾ ਹੈ। ਜੈਪੁਰ ਵਿਕਾਸ ਅਥਾਰਟੀ ਨੇ ਸੈਂਟਰ ਲਈ ਸਾਂਗਾਨੇਰ ਵਿੱਚ 11 ਵਿਘੇ ਜ਼ਮੀਨ ਅਲਾਟ ਕਰ ਦਿੱਤੀ ਹੈ। ਇਸ ਉੱਤੇ ਛੇਤੀ ਕੰਮ ਸ਼ੁਰੂ ਹੋ ਜਾਵੇਗਾ। ਰਾਜਸਥਾਨ ਦੇ ਵਿੱਤ ਵਿਭਾਗ ਨੇ ਇਸ ਕੰਮ ਲਈ ਮੁਢਲੇ ਤੌਰ 'ਤੇ ਦੋ ਕਰੋੜ 76 ਲੱਖ ਰੁਪਏ ਪ੍ਰਵਾਨ ਕੀਤੇ ਹਨ। ਕੇਂਦਰ ਸਰਕਾਰ ਵੀ ਇਸ ਦੀ ਮਦਦ ਕਰੇਗੀ। ਇਸ ਦੇ ਬਣਨ ਵਿਚ ਆਉਂਦੇ ਖ਼ਰਚ 'ਚ ਕੇਂਦਰ ਸਰਕਾਰ 60 ਫ਼ੀਸਦੀ ਤੇ ਸੂਬਾ ਸਰਕਾਰ 40 ਫ਼ੀਸਦੀ ਹਿੱਸੇ ਪਾਵੇਗੀ। ਸੈਂਟਰ ਬਣਾਉਣ ਲਈ 275 ਕਰੋੜ ਰੁਪਏ ਦਾ ਬਜਟ ਮਿਥਿਆ ਗਿਆ ਹੈ ਜਿਸ ਵਿਚ ਕੇਂਦਰ 165 ਕਰੋੜ ਅਤੇ ਸੂਬਾ ਸਰਕਾਰ 110 ਕਰੋੜ ਰੁਪਏ ਖ਼ਰਚ ਕਰੇਗੀ।

• Insurance •
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer


66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



# ਬ੍ਰਾਜ਼ੀਲ ਦੇ ਰਾਸ਼ਟਰਪਤੀ ਵਿਰੁੱਧ ਭ੍ਰਿਸ਼ਟਾਚਾਰ ਤੇ ਮਨੀ ਲਾਂਡਰਿੰਗ ਦੇ ਦੋਸ਼

ਸਾਓ ਪਾਓਲੋ, 17 ਅਕਤੂਬਰ (ਪੋਸਟ ਬਿਊਰੋ)- ਬ੍ਰਾਜ਼ੀਲ ਦੀ ਫੈਡਰਲ ਪੁਲਸ ਨੇ ਰਾਸ਼ਟਰਪਤੀ ਮਾਇਕਲ ਟੇਮਰ ਉੱਤੇ ਮੰਗਲਵਾਰ ਨੂੰ ਨਵੇਂ ਦੋਸ਼ ਲਾਉਂਦੇ ਹੋਏ ਉਨ੍ਹਾਂ ਦੇ ਖਿਲਾਫ ਭ੍ਰਿਸ਼ਟਾਚਾਰ, ਮਨੀ ਲਾਂਡਰਿੰਗ ਤੇ ਬੰਦਰਗਾਹ ਦੀ ਦੇਖ ਭਾਲ ਨੂੰ ਲਾਭ ਪੁਚਾਉਣ ਬਦਲੇ ਉਨ੍ਹਾਂ ਤੋਂ ਰਿਸ਼ਵਤ ਲੈਣ ਬਾਰੇ ਅਪਰਾਧਿਕ ਕੇਸ ਚਲਾਉਣ ਦੀ ਸ਼ਿਫਾਰਿਸ਼ ਕੀਤੀ ਹੈ।



ਇਹ ਜਾਂਚ ਰਿਪੋਰਟ ਦੇਸ਼ ਦੀ ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ ਹੈ। ਜਾਂਚ ਕਰਤਾ ਕਲੇਬਰ ਮਾਲਟਾ ਲੋਪੇਸ ਦੇ ਦਸਤਖਤਾਂ ਵਾਲੀ ਇਸ ਰਿਪੋਰਟ ’ਚ ਟੇਮਰ ਦੀ ਜ਼ਾਇਦਾਦ ਜ਼ਬਤ ਕਰਨ ਦੀ ਵਕਾਲਤ ਕੀਤੀ ਗਈ ਹੈ। ਰਾਸ਼ਟਰਪਤੀ ਦੀ ਧੀ ਮਰਿਸਟੇਲਾ ਟੇਮਰ ਤੇ ਉਨ੍ਹਾਂ ਦੇ ਦੋ ਸਹਿਯੋਗੀਆਂ ਖਿਲਾਫ ਵੀ ਦੋਸ਼ ਲੱਗੇ ਹਨ। ਕੇਸ ਅੱਗੇ ਚਲਾਉਣਾ ਹੈ ਜਾਂ ਨਹੀਂ, ਇਹ ਤੈਅ ਕਰਨ ਲਈ ਅਟਾਰਨੀ ਜਨਰਲ ਰਾਕੇਲ ਡਾਜ ਕੋਲ 15 ਦਿਨ ਦਾ ਸਮਾਂ ਹੈ। ਜੇ ਅਟਾਰਨੀ ਜਨਰਲ ਇਸ ਬਾਰੇ ਕੇਸ ਚਲਾਉਣ ਲਈ ਤਿਆਰ ਹੋਵੇ ਤਾਂ ਪਾਰਲੀਮੈਂਟ ਦੇ ਹੇਠਲੇ ਸਦਨ ਨੂੰ ਦੋ-ਤਿਹਾਈ ਬਹੁਮਤ ਨਾਲ ਇਸ ਦੀ ਮਨਜ਼ੂਰੀ ਦੇ ਕੇ ਰਾਸ਼ਟਰਪਤੀ ਨੂੰ ਸਸਪੈਂਡ ਕਰਨਾ ਹੋਵੇਗਾ। ਟੇਮਰ ਦਾ ਕਾਰਜਕਾਲ 31 ਦਸੰਬਰ ਨੂੰ ਖਤਮ ਹੋ ਰਿਹਾ ਹੈ।

ਵਰਨਣ ਯੋਗ ਹੈ ਕਿ ਪਾਰਲੀਮੈਂਟ ਮੈਂਬਰਾਂ ਨੇ ਟੇਮਰ ਦੇ ਖਿਲਾਫ ਪਹਿਲਾਂ ਵੀ 2 ਵਾਰ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਉਨ੍ਹਾਂ ਖਿਲਾਫ ਕੇਸ ਚਲਾਉਣ ਦੀ ਮਨਜ਼ੂਰੀ ਨਹੀਂ ਦਿੱਤੀ ਸੀ। ਡਿਲਮਾ ਰੂਫੇਜ ਨੂੰ ਮਹਾਦੋਸ਼ ਮਤੇ ਨਾਲ 2016 ਵਿੱਚ ਹਟਾਏ ਜਾਣ ਤੋਂ ਬਾਅਦ ਟੇਮਰ ਬ੍ਰਾਜ਼ੀਲ ਦੇ ਰਾਸ਼ਟਰਪਤੀ ਬਣੇ ਸਨ। ਟੇਮਰ ਦੇ ਵਕੀਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਲੇ ਤਕ ਪੁਲਸ ਰਿਪੋਰਟ ਦੀ ਕਾਪੀ ਨਹੀਂ ਮਿਲੀ ਹੈ।

# ਬ੍ਰੈਗਜ਼ਿਟ ਮੁੱਦੇ ਉੱਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਤੇ ਯੂਰਪੀ ਯੂਨੀਅਨ ਵਿੱਚ ਅੜਿੱਕਾ ਕਾਇਮ

ਬਰੱਸਲਜ਼, 17 ਅਕਤੂਬਰ (ਪੋਸਟ ਬਿਊਰੋ)- ਬ੍ਰੈਗਜ਼ਿਟ (ਬ੍ਰਿਟੇਨ ਐਗਜ਼ਿਟ ਯੂਰਪੀ ਯੂਨੀਅਨ) ਸਮਝੌਤੇ ਬਾਰੇ ਬ੍ਰਿਟੇਨ ਤੇ ਯੂਰਪੀ ਯੂਨੀਅਨ (ਈ ਯੂ) ਵਿਚਾਲੇ ਅੜਿੱਕਾ ਜਾਰੀ ਹੈ। ਇਸ ਦੇ ਹੱਲ ਲਈ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਅੱਜ ਏਥੇ ਯੂਰਪੀ ਯੂਨੀਅਨ ਦੇ ਨੇਤਾਵਾਂ ਨਾਲ ਗੱਲਬਾਤ ਕਰਨ ਲਈ ਪਹੁੰਚ ਗਈ ਹੈ। ਉਹ ਈ ਯੂ ਤੋਂ ਵੱਖ ਹੋਣ ਦੇ ਸਮਝੌਤੇ ਉੱਤੇ ਸਹਿਮਤੀ ਬਣਾਉਣ ਦੇ ਮਸਲੇ ਉੱਤੇ ਆਪਣੀ ਗੱਲ ਰੱਖਣਗੇ। ਵਰਨਣ ਯੋਗ ਹੈ ਕਿ ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦੇ ਹਟਣ ਦੇ ਫ਼ੈਸਲੇ ਸਬੰਧੀ ਇਸ ਹਫ਼ਤੇ ਬਰੱਸਲਸ ਵਿੱਚ ਹੋ ਰਹੇ ਸਿਖਰ ਸੰਮੇਲਨ ਵਿੱਚ ਕੁਝ ਠੋਸ ਨਤੀਜਾ ਨਿਕਲਣ ਦੀ ਆਸ ਪ੍ਰਗਟਾਈ ਗਈ ਹੈ। ਇਹ ਸੱਚਾਈ ਹੈ ਕਿ ਦੋਵਾਂ ਪੱਖਾਂ ’ਚ ਬ੍ਰੈਗਜ਼ਿਟ ਮੁੱਦੇ




’ਤੇ ਹਾਲੇ ਕੋਈ ਸਹਿਮਤੀ ਨਹੀਂ ਬਣ ਸਕੀ। ਈ ਯੂ ਦੇ ਮੁਖੀ ਡੋਨਾਲਡ ਟਸਕ ਨੇ ਕਿਹਾ ਹੈ, ‘ਮੈਂ ਕੱਲ੍ਹ ਪ੍ਰਧਾਨ ਮੰਤਰੀ ਥੈਰੇਸਾ ਮੇਅ ਤੋਂ ਇਹ ਪੁੱਛਣ ਜਾ ਰਿਹਾ ਹਾਂ ਕਿ ਕੀ ਉਨ੍ਹਾਂ ਕੋਲ ਇਸ ਅੜਿੱਕੇ ਨੂੰ ਦੂਰ ਕਰਨ ਦੀ ਕੋਈ ਠੋਸ ਤਜਵੀਜ਼ ਹੈ?’ ਇਸ ਸੰਮੇਲਨ ਵਿੱਚ ਥੈਰੇਸਾ ਮੇਅ ਈ ਯੂ ਦੇ 27 ਹੋਰ ਦੇਸ਼ਾਂ ਦੇ ਮੁਖੀਆਂ ਸਾਹਮਣੇ ਆਪਣੀ ਗੱਲ ਰੱਖਣਗੇ।

ਡੋਨਾਲਡ ਟਸਕ ਨੇ ਸਾਫ਼ ਕੀਤਾ ਹੈ ਕਿ ਜੇ ਯੂਰਪੀ ਯੂਨੀਅਨ ਦੇ ਵਾਰਤਾਕਾਰ ਮਾਈਕਲ ਬਾਰਨੀਅਰ ਅਤੇ ਥੈਰੇਸਾ ਮੇਅ ਇਸ ਸਮਝੌਤਾ ਖਰੜੇ ਦਾ ਕੋਈ ਠੋਸ ਸੰਕੇਤ ਦਿੰਦੇ ਹਨ ਤਾਂ ਉਹ ਬ੍ਰੈਗਜ਼ਿਟ ’ਤੇ ਦਸਖਤ ਲਈ ਨਵੰਬਰ ’ਚ ਸਿਖਰ ਸੰਮੇਲਨ ਨਹੀਂ ਸੱਦਣਗੇ। ਜੇ ਅਜਿਹਾ ਹੋਇਆ ਤਾਂ ਇਹ ਪੂਰੀ ਪ੍ਰਕਿਰਿਆ ਦਸੰਬਰ ਤੱਕ ਟਲ ਜਾਵੇਗੀ। ਇਸ ਤੋਂ ਪਹਿਲਾਂ ਦੋਵਾਂ ਧਿਰਾਂ ’ਚ ਸਹਿਮਤੀ ਬਣੀ ਸੀ ਕਿ ਕਿਸੇ ਸਮਝੌਤੇ ਤੇ ਭਵਿੱਖ ਦੀ ਰੂਪ ਰੇਖਾ ਦੇ ਬਗ਼ੈਰ ਬ੍ਰਿਟੇਨ ਦਾ ਯੂਰਪੀ ਯੂਨੀਅਨ ਤੋਂ 29 ਮਾਰਚ 2019 ਨੂੰ ਬਾਹਰ ਨਿਕਲਣਾ ਆਰਥਿਕ ਤੇ ਸਿਆਸੀ ਸੰਕਟ ਹੋਵੇਗਾ। ਬ੍ਰਿਟੇਨ ਅਤੇ ਯੂਰਪੀ ਯੂਨੀਅਨ ਵਿਚਕਾਰ ਅਸਹਿਮਤੀ ਦਾ ਕਾਰਨ ਇਹ ਹੈ ਕਿ ਬ੍ਰੈਗਜ਼ਿਟ ਤੋਂ ਬਾਅਦ ਆਇਰਲੈਂਡ ਦੀ ਸਰਹੱਦ ਨੂੰ ਕਿੰਦਾਂ ਖੁੱਲ੍ਹਾ ਰੱਖਿਆ ਜਾਵੇਗਾ। ਇਸ ਮਸਲੇ ਉਤੇ ਬ੍ਰਿਟੇਨ ’ਚ ਵੀ ਹਾਲਾਤ ਚੰਗੇ ਨਹੀਂ। ਥੈਰੇਸਾ ਮੇ ਨੂੰ ਆਪਣੇ ਦੇਸ਼ ’ਚ ਵਿਰੋਧੀ ਧਿਰ ਦੇ ਨਾਲ-ਨਾਲ ਆਪਣੀ ਹੀ ਪਾਰਟੀ ਤੇ ਕੈਬਨਿਟ ਸਹਿਯੋਗੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਤਿੰਨ ਭਾਰਤੀ ਵਿਦਿਆਰਥੀ ਬ੍ਰੇਕ ਥਰੂ ਜੂਨੀਅਰ ਚੈਲਿੰਜ ਦੇ ਅੰਤਲੇ ਗੇੜ ਵਿੱਚ

ਵਾਸ਼ਿੰਗਟਨ, 17 ਅਕਤੂਬਰ (ਪੋਸਟ ਬਿਊਰੋ)- ਮੈਥ ਅਤੇ ਸਾਇੰਸ ਪ੍ਰਤੀ ਜਨੂੰਨ ਰੱਖਣ ਵਾਲੇ ਨੌਜਵਾਨਾਂ ਲਈ ਅਮਰੀਕਾ 'ਚ ਹੋਣ ਵਾਲੀ ਮਸ਼ਹੂਰ ਸਾਲਾਨਾ ਕੌਮਾਂਤਰੀ ਵਿਗਿਆਨ ਮੁਕਾਬਲੇਬਾਜ਼ੀ ‘ਬ੍ਰੇਕਥਰੂ ਜੂਨੀਅਰ ਚੈਲੰਜ' ਦੇ ਆਖਰੀ ਪੜਾਅ 'ਚ ਤਿੰਨ ਭਾਰਤੀ ਵਿਦਿਆਰਥੀਆਂ ਨੇ ਥਾਂ ਬਣਾਈ ਹੈ। ਇਸ ਦੇ ਆਖਰੀ ਦੌਰ ਵਿੱਚ ਕੁੱਲ 15 ਮੁਕਾਬਲੇਬਾਜ਼ਾਂ ਨੂੰ ਚੁਣਿਆ ਗਿਆ ਹੈ, ਜਿਸ ਵਿੱਚ ਤਿੰਨ ਭਾਰਤੀ ਵਿਦਿਆਰਥੀ ਸ਼ਾਮਲ ਹਨ। ਇਹ ਬੰਗਲੌਰ ਤੋਂ ਸਮਯ ਗੋਦਿਕਾ (16) ਅਤੇ ਨਿਖਿਆ ਸ਼ਮਸ਼ੇਰ (16) ਅਤੇ ਦਿੱਲੀ ਤੋਂ ਕਾਵਿਆ ਨੇਗੀ (18) ਹਨ। ਮੁਕਾਬਲੇ ਲਈ ਦੁਨੀਆ ਭਰ ਤੋਂ 12000 ਤੋਂ ਵੱਧ ਵਿਦਿਆਰਥੀਆਂ ਨੇ ਰਜਿਸਟਰੇਸ਼ਨ ਕਰਵਾਈ ਸੀ, ਜਿਨ੍ਹਾਂ ਨੇ ਫਿਜ਼ਿਕਸ ਜਾਂ ਬਾਇਆਲੋਜੀ ਨਾਲ ਸੰਬੰਧਤ ਦਿਲਚਸਪ ਵੀਡੀਓ ਸੌਂਪੇ ਸਨ। ਜੇਤੂ ਦੇ ਨਾਂਅ ਦਾ ਐਲਾਨ ਸਿਲੀਕਾਨ ਵੈਲੀ ਵਿੱਚ ਚਾਰ ਨਵੰਬਰ ਨੂੰ ਐਲਾਨ ਕੀਤਾ ਜਾਵੇਗਾ। ਉਸ ਨੂੰ ਕਾਲਜ ਸਕਾਲਰਸ਼ਿਪ ਵਿੱਚ 250000 ਅਮਰੀਕੀ ਡਾਲਰ ਦੀ ਰਕਮ ਦਿੱਤੀ ਜਾਵੇਗੀ। ਜੇਤੂ ਵਿਦਿਆਰਥੀਆਂ ਦੇ ਸਕੂਲ ਨੂੰ 100000 ਅਮਰੀਕੀ ਡਾਲਰ ਦੀ ਲਾਗਤ ਵਾਲੀ ਇੱਕ ਅਤਿਆਧੁਨਿਕ ਵਿਗਿਆਨ ਪ੍ਰਯੋਗਸ਼ਾਲਾ ਮਿਲੇਗੀ।

## ਆਈ ਟੀ ਕੰਪਨੀਆਂ ਨੇ ਅਮਰੀਕੀ ਇਮੀਗਰੇਸ਼ਨ ਏਜੰਸੀ ਉਤੇ ਕੇਸ ਕੀਤਾ

ਵਾਸ਼ਿੰਗਟਨ, 17 ਅਕਤੂਬਰ (ਪੋਸਟ ਬਿਊਰੋ)- ਸੂਚਨਾ ਤਕਨੀਕੀ ਖੇਤਰ ਦੀਆਂ 1000 ਤੋਂ ਜ਼ਿਆਦਾ ਛੋਟੀਆਂ ਕੰਪਨੀਆਂ ਦੀ ਅਗਵਾਈ ਕਰਨ ਵਾਲੇ ਇੱਕ ਗਰੁੱਪ ਨੇ ਅਮਰੀਕਾ ਦੀ ਇਮੀਗਰੇਸ਼ਨ ਏਜੰਸੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਹ ਕੇਸ ਤਿੰਨ ਸਾਲ ਤੋਂ ਘੱਟ ਮਿਆਦ ਲਈ ਐੱਚ-1ਬੀ ਵੀਜ਼ਾ ਜਾਰੀ ਕਰਨ ਬਾਰੇ ਕੀਤਾ ਗਿਆ ਹੈ। ਆਮ ਤੌਰ ਉਤੇ ਐੱਚ-1 ਬੀ ਵੀਜ਼ਾ ਤਿੰਨ ਤੋਂ ਛੇ ਸਾਲ ਲਈ ਜਾਰੀ ਕੀਤਾ ਜਾਂਦਾ ਹੈ। ਇਸ ਵੀਜ਼ੇ ਤਹਿਤ ਅਮਰੀਕੀ ਕੰਪਨੀਆਂ ਮੁਹਾਰਤ ਵਾਲੇ ਵਿਸ਼ੇਸ਼ ਕੰਮਾਂ ਲਈ ਵਿਦੇਸ਼ੀ ਕਰਮਚਾਰੀਆਂ ਨੂੰ ਨਿਯੁਕਤ ਕਰਦੀਆਂ ਹਨ। ਟੈਕਸਾਸ ਦੇ ਡਲਾਸ ਦੇ ਗਰੁੱਪ ਆਈ ਟੀ ਸਰਵ ਅਲਾਇੰਸ ਨੇ 43 ਕੰਪਨੀਆਂ ਦੇ ਕੇਸ ਵਿੱਚ ਦੋਸ਼ ਲਾਇਆ ਹੈ ਕਿ ਇਮੀਗਰੇਸ਼ਨ ਏਜੰਸੀ ਨੇ ਤਿੰਨ ਸਾਲ ਤੋਂ ਘੱਟ ਮਿਆਦ ਲਈ ਐੱਚ-1 ਬੀ ਵੀਜ਼ਾ ਦੇਣਾ ਸ਼ੁਰੂ ਕੀਤਾ ਹੈ। ਗਰੁੱਪ ਨੇ ਮੁਕੱਦਮੇ 'ਚ ਕਿਹਾ ਕਿ ਇਮੀਗਰੇਸ਼ਨ ਏਜੰਸੀ ਦੇ ਕੋਲ ਮੌਜੂਦਾ ਨਿਯਮਾਂ ਦੀ ਗਲਤ ਵਿਆਖਿਆ ਕਰਨ ਅਤੇ ਵੀਜ਼ੇ ਦੀ ਮਿਆਦ ਨੂੰ ਘੱਟ ਕਰਨ ਦਾ ਅਧਿਕਾਰ ਨਹੀਂ ਹੈ। ਅਮਰੀਕੀ ਇਮੀਗਰੇਸ਼ਨ ਏਜੰਸੀ ਦੇ ਖਿਲਾਫ ਇਹ ਆਈ ਟੀ ਸਰਵ ਦਾ ਦੂਜਾ ਮੁਕੱਦਮਾ ਹੈ।

# ਬਲਾਤਕਾਰ ਪੀੜ੍ਹਤ ਬੱਚੀ ਦੇ ਪਿਤਾ ਸਾਹਮਣੇ ਦੋਸ਼ੀ ਨੂੰ ਫਾਂਸੀ ਦਿੱਤੀ ਗਈ

ਲਾਹੌਰ, 17 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਛੇ ਸਾਲ ਦੀ ਮਾਸੂਮ ਬੱਚੀ ਨਾਲ ਬਲਾਤਕਾਰ ਤੋਂ ਬਾਅਦ ਕਤਲ ਕਰਨ ਵਾਲੇ ਸੀਰੀਅਲ ਕਿਲਰ ਨੂੰ ਅੱਜ ਬੁੱਧਵਾਰ ਨੂੰ ਫਾਂਸੀ ’ਤੇ ਲਟਕਾ ਦਿੱਤਾ ਗਿਆ। ਫਾਂਸੀ ਦੇਣ ਦੌਰਾਨ ਜੇਲ੍ਹ ’ਚ ਬੱਚੀ ਦਾ ਪਿਤਾ ਤੇ ਦੂਜੇ ਰਿਸ਼ਤੇਦਾਰ ਵੀ ਮੌਜੂਦ ਸੀ।

ਲਾਹੌਰ ਤੋਂ 50 ਕਿਲੋਮੀਟਰ ਦੂਰ ਕੌਸਰ ਸ਼ਹਿਰ ਦੀ ਜੈਨਬ ਅੰਸਾਰੀ ਨਾਂਅ ਦੀ ਬੱਚੀ ਦਾ ਬਲਾਤਕਾਰ ਪਿੱਛੋਂ ਕਤਲ ਕਰ ਦਿੱਤਾ ਗਿਆ ਸੀ। ਉਹ ਪਿਛਲੀ ਚਾਰ ਜਨਵਰੀ ਨੂੰ ਲਾਪਤਾ ਹੋਈ ਸੀ। ਇਸ ਦੇ ਪੰਜ ਦਿਨ ਬਾਅਦ ਉਸ ਦੀ ਲਾਸ਼ ਕੂੜੇ ਦੇ ਢੇਰ ਵਿੱਚੋਂ ਮਿਲੀ ਸੀ। ਇਸ ਦੇ ਦੋ ਹਫ਼ਤੇ ਬਾਅਦ ਪੁਲਿਸ ਨੇ ਇਮਰਾਨ ਅਲੀ (23) ਨੂੰ ਗ੍ਰਿਫ਼ਤਾਰ ਕਰ ਲਿਆ ਸੀ। ‘ਡਾਨ ਨਿਊਜ਼’ ਦੀ ਖਬਰ ਅਨੁਸਾਰ ਮੌਤ ਦੀ ਸਜ਼ਾ ਪਾਉਣ ਵਾਲੇ ਇਮਰਾਨ ਨੂੰ ਕੋਰਟ ਲੱਖਪਤ ਸੈਂਟਰਲ ਜੇਲ੍ਹ ਵਿਚ


ਪੀੜਤ ਬੱਚੀ ਦੇ ਮਾਂ-ਬਾਪ ਬੱਚੀ ਦੀ ਫੋਟੋ ਦਿਖਾਉਂਦੇ ਹੋਏ।

ਬੁੱਧਵਾਰ ਸਵੇਰੇ ਫਾਂਸੀ ਦੇ ਦਿੱਤੀ ਗਈ। ਇਸ ਮੌਕੇ ਮੈਜਿਸਟਰੇਟ ਆਦਿਲ ਸਰਵਰ ਤੇ ਬੱਚੀ ਦਾ ਪਿਤਾ ਮੌਜੂਦ ਸਨ। ਜੈਨਬ ਦੇ ਪਿਤਾ ਅਮੀਨ ਅੰਸਾਰੀ ਨੇ ਕਿਹਾ ਕਿ ਜੇ ਮੇਰੀ ਬੇਟੀ ਜ਼ਿੰਦਾ ਹੁੰਦੀ ਤਾਂ ਉਹ ਅੱਜ ਸੱਤ ਸਾਲ ਦੋ ਮਹੀਨਿਆਂ ਦੀ ਹੁੰਦੀ। ਉਨ੍ਹਾਂ ਨੇ ਇਸ ਗੱਲ ਦਾ ਅਫ਼ਸੋਸ ਜਤਾਇਆ ਕਿ ਫਾਂਸੀ ਦੇ ਸਿੱਧੇ ਪ੍ਰਸਾਰਨ ਦੀ ਆਗਿਆ ਨਹੀਂ ਦਿੱਤੀ ਗਈ। ਅਮੀਨ ਅੰਸਾਰੀ ਨੇ ਲਾਹੌਰ ਹਾਈ ਕੋਰਟ ਵਿਚ ਅਰਜ਼ੀ ਦੇ ਕੇ ਦੋਸ਼ੀ ਨੂੰ ਸ਼ਰ੍ਹੇਆਮ ਫਾਂਸੀ ਦੀ ਮੰਗ ਕੀਤੀ ਸੀ। ਅੰਸਾਰੀ ਦੇ ਵਕੀਲ ਨੇ ਦੋਸ਼ੀ ਦੀ ਫਾਂਸੀ ਦਾ ਸਿੱਧਾ ਪ੍ਰਸਾਰਨ ਕਰਨ ਦੀ ਮੰਗ ਕੀਤੀ ਸੀ ਪਰ ਅਦਾਲਤ ਨੇ ਇਹ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਸੀ। ਜਸਟਿਸ ਸਰਦਾਰ ਸ਼ਮੀਮ ਅਹਿਮਦ ਤੇ ਜਸਟਿਸ ਸ਼ਾਹਬਾਜ਼ ਰਿਜ਼ਵੀ ਦੀ ਬੈਂਚ ਨੇ ਉਨ੍ਹਾਂ ਦੀ ਅਰਜ਼ੀ ਕੱਲ੍ਹ ਰੱਦ ਕਰ ਦਿੱਤੀ ਸੀ। ਇਸ ਪਿੱਛੋਂ ਇਮਰਾਨ ਨੂੰ ਫਾਂਸੀ ਦੇਣ ਦਾ ਰਸਤਾ ਸਾਫ਼ ਹੋਇਆ। ਇਕ ਅੱਤਵਾਦ ਰੋਕੂ ਕੋਰਟ ਨੇ ਪਿਛਲੇ ਹਫ਼ਤੇ ਉਸ ਨੂੰ 17 ਅਕਤੂਬਰ ਨੂੰ ਫਾਂਸੀ ’ਤੇ ਲਟਕਾਉਣ ਦਾ ਫ਼ੈਸਲਾ ਸੁਣਾਇਆ ਸੀ। ਕੌਸਰ ਦਾ ਰਹਿਣ ਵਾਲਾ ਇਮਰਾਨ ਇਸ ਤਰ੍ਹਾਂ ਦੀਆਂ ਕਈ ਵਾਰਦਾਤਾਂ ਦਾ ਦੋਸ਼ੀ ਸੀ। ਉਹ ਨੌਂ ਨਾਬਾਲਗ ਬੱਚਿਆਂ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲਿਆਂ ’ਚ ਦੋਸ਼ੀ ਸੀ। ਇਨ੍ਹਾਂ ਵਿੱਚੋਂ ਚਾਰ ਕੇਸਾਂ ਬਾਰੇ ਅਦਾਲਤ ਫ਼ੈਸਲਾ ਦੇ ਚੁੱਕੀ ਹੈ। ਪਿਛਲੀ ਜਨਵਰੀ ’ਚ ਹੋਈ ਇਸ ਘਟਨਾ ’ਤੇ ਦੇਸ਼ ਪੱਧਰੀ ਰੋਸ ਪ੍ਰਦਰਸ਼ਨ ਦੇਖਣ ਨੂੰ ਮਿਲਿਆ ਸੀ। ਲੋਕਾਂ ਨੇ ਸੜਕਾਂ ’ਤੇ ਉਤਰ ਕੇ ਬਹੁਤ ਹੀ ਭਾਰੀ ਵਿਰੋਧ ਕੀਤਾ ਸੀ ਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਸੀ।

# ਬ੍ਰਿਟੇਨ ਵਿੱਚ ਨਫਰਤੀ ਅਪਰਾਧਾਂ ’ਚ ਹੋਇਆ ਭਾਰੀ ਵਾਧਾ

ਲੰਡਨ, 17 ਅਕਤੂਬਰ (ਪੋਸਟ ਬਿਊਰੋ)- ਗ੍ਰਹਿ ਵਿਭਾਗ ਦੇ ਅੰਕੜਿਆਂ ਅਨੁਸਾਰ ਬ੍ਰਿਟੇਨ ਵਿੱਚ ਨਫਰਤੀ ਅਪਰਾਧਾਂ ਵਿੱਚ 40 ਫੀਸਦੀ ਵਾਧਾ ਹੋਇਆ ਹੈ। ਪਿਛਲੇ ਸਾਲ 5949 ਨਾਲੋਂ 8336 ਵੱਧ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ ਸਭ ਤੋਂ ਵੱਧ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਨ੍ਹਾਂ ਦੀ ਗਿਣਤੀ 52 ਫੀਸਦੀ ਹੈ।




ਅਪ੍ਰੈਲ 2017 ਤੋਂ ਮਾਰਚ 2018 ਤੱਕ 94,098 ਮਾਮਲੇ ਦਰਜ ਕੀਤੇ ਗਏ ਹਨ, ਜੋ ਬੀਤੇ ਵਰ੍ਹੇ ਤੋਂ 17 ਫੀਸਦੀ ਵੱਧ ਹਨ। 71251 ਨੂੰ ਨਸਲੀ ਨਫਰਤ ਵਜੋਂ ਦਰਜ ਕੀਤਾ ਗਿਆ ਹੈ। ਨਫਰਤੀ ਅਪਰਾਧਾਂ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਹਨ, ਜਿਨ੍ਹਾਂ 'ਚ ਧਰਮ, ਰੰਗ, ਲਿੰਗ, ਅਪਹਾਜਤਾ ਜਾਂ ਟਰਾਂਸਜ਼ੇਂਡਰ ਸ਼ਾਮਲ ਹਨ। ਇਨ੍ਹਾਂ ਘਟਨਾਵਾਂ ਵਿੱਚ ਗਾਲ੍ਹਾਂ ਕੱਢਣਾ, ਧਮਕੀ ਦੇਣਾ, ਪ੍ਰੇਸ਼ਾਨ ਕਰਨਾ, ਹਮਲਾ ਕਰਨਾ ਅਤੇ ਤਾਨੇ ਕਸਣੇ ਤੋਂ ਇਲਾਵਾ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਪੁਲਸ ਵੱਲੋਂ ਧਰਮ ਦੇ ਆਧਾਰ 'ਤੇ ਵਾਪਰੀਆਂ ਨਫਰਤੀ ਅਪਰਾਧਾਂ ਦੀਆਂ ਘਟਨਾਵਾਂ ਦੀ ਸੂਚੀ ਵਿੱਚ ਸਭ ਤੋਂ ਵੱਧ ਕੇਸ ਮੁਸਲਮਾਨਾਂ ਖਿਲਾਫ 2965, ਯਹੂਦੀਆਂ ਖਿਲਾਫ 672, ਈਸਾਈਆਂ ਖਿਲਾਫ 264, ਸਿੱਖਾਂ ਖਿਲਾਫ 117, ਹਿੰਦੂਆਂ ਖਿਲਾਫ 58, ਬੋਧੀਆਂ ਖਿਲਾਫ 19 ਤੋਂ ਇਲਾਵਾ ਹੋਰ ਧਰਮਾਂ ਵਾਲੇ 311, ਬਿਨਾਂ ਧਰਮ ਵਾਲੇ 237 ਅਤੇ ਅਣਪਛਾਤੇ ਧਰਮਾਂ ਵਾਲੇ 1174 ਸਾਹਮਣੇ ਆਏ ਹਨ। ਪੁਲਸ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ 2012/13 ਵਰ੍ਹੇ ਨਾਲੋਂ ਨਫਰਤੀ ਅਪਰਾਧਾਂ 'ਚ ਦੁਗਣਾ ਵਾਧਾ ਹੋਇਆ ਹੈ, ਉਸ ਸਮੇਂ ਇਹ ਗਿਣਤੀ 42255 ਸੀ।

## ‘ਡੋਨਾਲਡ ਡੇਟਰਸ' ਵਿੱਚੋਂ ਪਹਿਲੇ ਦਿਨ ਹੀ ਡਾਟਾ ਲੀਕ

ਵਾਸ਼ਿੰਗਟਨ, 17 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਰਪਤੀ ਡੋਨਾਲਡ ਟਰੰਪ ਦੇ ਮੁਰੀਦਾਂ ਲਈ ਬਣਾਏ ਨਵੇਂ ਡੇਟਿੰਗ ਐਪ ‘ਡੋਨਾਲਡ ਡੇਟਰਸ' ਉਤੇ ਆਪਣੀ ਸ਼ੁਰੂਆਤ ਦੇ ਹੀ ਦਿਨ ਇਸ ਦੇ ਯੂਜ਼ਰਜ਼ ਦਾ ਡਾਟਾ ਲੀਕ ਕਰਨ ਦਾ ਦੋਸ਼ ਲੱਗ ਗਿਆ ਹੈ। ਇੱਕ ਮੀਡੀਆ ਰਿਪੋਰਟ ਵਿੱਚ ਕੱਲ੍ਹ ਇਹ ਜਾਣਕਾਰੀ ਦਿੱਤੀ ਗਈ। ਮੇਕ ਅਮਰੀਕਾ ਗ੍ਰੇਟ ਅਗੇਨ (ਅਮਰੀਕਾ ਨੂੰ ਫਿਰ ਮਹਾਨ ਬਣਾਓ) ਦੇ ਨਾਅਰੇ ਦੇ ਨਾਲ ਸ਼ੁਰੂ ਕੀਤੇ ਗਏ ਇਸ ਐਪ ਵਿੱਚ ਅਮਰੀਕਾ ਦੇ ਅਜਿਹੇ ਲੋਕਾਂ ਨੂੰ ਆਕਰਸ਼ਿਤ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਪ੍ਰੇਮੀ, ਦੋਸਤ ਵਗੈਰਾ ਦੀ ਤਲਾਸ਼ ਵਿੱਚ ਹਨ। ਤਕਨੀਕ ਨਾਲ ਜੁੜੀਆਂ ਖਬਰਾਂ ਦੇਣ ਵਾਲੀ ਵੈੱਬਸਾਈਟ ਟੇਕ ਕਰਚ ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ ਕਿ ਐਪ ਦੀ ਸ਼ੁਰੂਆਤ ਦੇ ਪਹਿਲੇ ਹੀ ਦਿਨ ਇਸ ਨਾਲ 1600 ਤੋਂ ਜ਼ਿਆਦਾ ਲੋਕ ਜੁੜ ਗਏ। ਵੈੱਬਸਾਈਟ ਨੇ ਕਿਹਾ ਕਿ ਇਸ ਨੂੰ ਇਸ ਅੰਕੜੇ ਦਾ ਪਤਾ ਇਸ ਲਈ ਲੱਗਾ ਕਿ ਇੱਕ ਫਰਾਂਸੀਸੀ ਸੁਰੱਖਿਆ ਖੋਜਕਰਤਾ ਨੂੰ ਐਪ ਵਿੱਚ ਕੁਝ ਗੜਬੜ ਨਜ਼ਰ ਆਈ। ਉਸ ਨੇ ਦੇਖਿਆ ਕਿ ਐਪ ਇਸਤੇਮਾਲ ਕਰਨ ਵਾਲਿਆਂ ਦਾ ਪੂਰਾ ਡਾਟਾ ਬੇਸ ਡਾਊਨਲੋਡ ਕਰਨਾ ਮੁਮਕਿਨ ਹੈ। ਬਾਅਦ ਵਿੱਚ ਇਸ ਨੂੰ ਖੋਜ ਕਰਤਾ ਨੇ ਵੈੱਬਸਾਈਟ ਦੇ ਨਾਲ ਡਾਟਾ ਬੇਸ ਸਾਂਝਾ ਕੀਤਾ, ਜਿਸ ਵਿੱਚ ਐਪ ਯੂਜ਼ਰਜ਼ ਦੀਆਂ ਤਸਵੀਰਾਂ, ਉਨ੍ਹਾਂ ਦੇ ਨਿੱਜੀ ਸੰਦੇਸ਼ ਆਦਿ ਸ਼ਾਮਲ ਸਨ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Auto | Home | Business
“ਵਾਜਿਬ ਰੇਟ ਤੇ ਵਧੀਆ ਕਵਰੇਜ”
LUCKY
○ Unbeatable Prices ○ Huge Discounts on Various Insurances
○ Good Rates
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

Honesty, Reliability, Commitment
HOMELIFE SILVERCITY
“Open House Until Sold”
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 — Hwy 20 & Stanley St. — Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 — Wanless & Mclaughlin — Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 — Hwy 10/ Sandalwood — A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 — Chinguacousy/Queen — Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Chevron Delo
Special OIL CHANGE Rates
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
1715 Sismet Rd, Mississauga | Call Ranjit: 416.624.8351 | Tel: 905.625.0055

# ਛੇਵੀਂ ਸਲਾਨਾ ਬਹੁਤ ਹੀ ਕਾਮਯਾਬ ਰਹੀ ਗਾਲਾ ਨਾਈਟ







ਪੰਜਾਬੀ ਬਿਜਨਸ ਪ੍ਰੋਫੇਸ਼ਨਲ ਐਸੋਸੀਏਸ਼ਨ ਵਲੋਂ ਛੇਵੀਂ ਸਲਾਨਾ ਗਾਲਾ ਨਾਈਟ ਬੇਹੱਦ ਸਫਲ ਰਹੀ। ਰੋਇਲ ਬੈਂਕਅਟ ਹਾਲ ਵਿਚ 14 ਅਕਤੂਬਰ ਨੂੰ ਗਾਲਾ ਨਾਈਟ ਦੀ ਸ਼ੁਰੂਆਤ ਅਜੈਬ ਸਿੰਘ ਚੱਠਾ ਨੇ ਰੀਬਨ ਕੱਟ ਕੇ ਕੀਤੀ। ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਸ੍ਰੀਮਤੀ ਕੰਵਲਜੀਤ ਕੌਰ ਬੇਂਸ, ਗੁਰਦਰਸ਼ਨ ਸਿੰਘ ਸੀਰਾ, ਰਾਜਬੀਰ ਕੌਰ ਦੋਸਾਂਝ, ਪਰਿਨ ਚੌਕਸੀ ਤੇ ਡਾ. ਸੋਲਮੋਨ ਨਾਜ਼ ਨੇ ਕੀਤੀ। ਗਾਲਾ ਨਾਈਟ ਦੇ ਮੁੱਖ ਮਹਿਮਾਨ ਅਮਰ ਸਿੰਘ ਭੁੱਲਰ ਨੇ ਆਪਣੇ ਪ੍ਰਧਾਨਗੀ ਸ਼ਬਦ ਕਹੇ। ਪੱਬਪਾ ਦੀਆਂ ਗਤੀਵਿਧੀਆਂ ਬਾਰੇ ਡਾਕੂਮੈਂਟਰੀ ਦਿਖਾਈ ਗਈ। ਅਜੈਬ ਸਿੰਘ ਚੱਠਾ ਨੇ ਸਵਾਗਤੀ ਸ਼ਬਦ ਕਹੇ। ਪੰਜ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਰੇਨੂੰ ਸੰਧੂ (ਰੀਅਲ ਅਸਟੇਟ), ਬਰਜਿੰਦਰ ਸਿੰਘ ਗਿੱਲ (ਟਰੱਕਿੰਗ), ਫਿਰੋਜ਼ਾ ਚੌਧਰੀ ਰੈਸਟੋਰੈਂਟ ਬਿਜਨਸ, ਤਾਹਿਰ ਅਸਲਮ ਗੋਰਾ, ਟੈਗ ਟੀ.ਵੀ. ਅਤੇ ਅਰਫਾਨ ਸਟਾਰ (ਗਰੀਨਇਚ) ਸ਼ਾਮਲ ਸਨ।

ਹਰੇਕ ਸਖਸ਼ੀਅਤ ਨੂੰ ਵਧੀਆ ਢੰਗ ਨਾਲ ਮਿਊਜਕ ਨਾਲ ਹਾਲ ਵਿਚ ਦਾਖਲ ਕਰਵਾਇਆ ਗਿਆ, ਉਸ ਬਾਰੇ ਡਾਕੂਮੈਂਟਰੀ ਦਿਖਾਈ ਗਈ, ਜਾਣਕਾਰੀ ਸ਼ਬਦ ਕਹੇ ਗਏ, ਇਕ ਸਭਿਆਚਾਰਕ ਆਈਟਮ ਪੇਸ਼ ਕੀਤੀ ਗਈ ਅਤੇ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸਭਿਆਚਾਰਕ ਆਈਟਮਾਂ ਪੇਸ਼ ਕਰਨ ਵਾਲਿਆਂ ਵਿਚ ਮਹਿਕ ਕੌਰ ਦਾ ਗਰੁੱਪ, ਮਸ਼ਹਰ ਸਿੰਗਰ ਤੇ ਅਦਾਕਾਰਾ ਜ਼ੋਤੀ ਸ਼ਰਮਾਂ, ਸੁਖਵਿੰਦਰ ਕੌਰ ਪੂਨੀ ਤਿਆਰ ਕੀਤੀ ਗਿੱਧਾ ਟੀਮ, ਹਰਕਿਰਨ ਸੰਧੂ ਤੇ ਹਰਜਾਪ ਸੰਧੂ ਦੀ ਟੀਮ ਸੀ।

ਸੁੰਦਰਪਾਲ ਰਾਜਾਸਾਂਸੀ ਨੇ ਜਾਗੋ ਦਾ ਪ੍ਰਬੰਧ ਕੀਤਾ। ਸਾਰੀਆਂ ਹਾਜਰੀਨ ਬੀਬੀਆਂ ਤੇ ਕੁੜੀਆਂ ਨੇ ਜਾਗੋ ਵਿਚ ਹਿੱਸਾ ਲਿਆ। ਸਮੇਂ ਸਿਰ ਖਾਣਾ ਸ਼ੁਰੂ ਹੋਇਆ। ਡੀ.ਜੇ. 'ਤੇ ਲੋਕ ਨੱਚੇ ਤੇ ਖੁਸ਼ੀ ਖੁਸ਼ੀ ਅਗਲੇ ਸਾਲ ਮਿਲਣ ਦੀ ਉਮੀਦ ਨਾਲ ਘਰਾਂ ਨੂੰ ਵਿਦਾ ਹੋਏ। ਇਸ ਗਾਲਾ ਨਾਈਟ ਵਿਚ ਰਵਿੰਦਰ ਸਿੰਘ ਪ੍ਰਧਾਨ ਪੱਬਪਾ, ਰਵਿੰਦਰ ਸਿੰਘ ਕੰਗ ਪ੍ਰਧਾਨ ਓਂਟਾਰੀਓ ਫਰੈਂਡਜ਼ ਕਲੱਬ, ਪੱਬਪਾ ਦੇ ਸਕੱਤਰ ਸੰਤੋਖ ਸਿੰਘ ਸੰਧੂ, ਗੁਰਦਰਸ਼ਨ ਸਿੰਘ ਸੀਰਾ, ਰਾਜਬੀਰ ਕੌਰ ਦੋਸਾਂਝ, ਡਾ. ਰਮਨੀ ਬੱਤਰਾ, ਸਰਦੂਲ ਸਿੰਘ ਥਿਆੜਾ, ਨਿਰਵੈਰ ਸਿੰਘ ਅਰੋੜਾ, ਅਮਨਦੀਪ ਸਿੰਘ ਸੰਧੂ, ਮਨਜਿੰਦਰ ਸਹੋਤਾ, ਗਗਨਦੀਪ ਕੌਰ ਚੱਠਾ, ਬਲਵਿੰਦਰ ਕੌਰ ਚੱਠਾ, ਰਣਜੀਤ ਕੌਰ ਅਰੋੜਾ, ਹਰਦੀਪ ਕੌਰ, ਤਰਲੋਚਨ ਸਿੰਘ ਅਟਵਾਲ, ਸੂਰਜ ਸਿੰਘ ਚੌਹਾਨ, ਗੁਰਿੰਦਰ ਸਿੰਘ ਸਹੋਤਾ, ਰੁਪਿੰਦਰ ਕੌਰ ਸੰਧੂ, ਪ੍ਰਤਾਪ ਸਿੰਘ ਪੁਰੇਵਾਲ, ਹਰਕਿਰਨ ਕੌਰ ਸੰਧੂ, ਗੁਰਸ਼ਰਨ ਕੌਰ ਕੁੰਦਰਾ, ਅਜਵਿੰਦਰ ਸਿੰਘ ਚੱਠਾ, ਡਾ. ਰਜੇਸ਼ ਬੱਤਰਾ, ਕਮਲਜੀਤ ਸਿੰਘ ਹੇਅਰ, ਇੰਦਰਪਾਲ ਮਠਾੜੂ, ਓਜ਼ਮਾ ਮਹਿਮੂਦ, ਸੁਖਵਿੰਦਰ ਕੌਰ ਪੂਨੀ, ਜ਼ਸਪ੍ਰੀਤ ਬੰਮਰਾ, ਸੰਨਜੀਤ ਸਿੰਘ, ਇਫਤਿਖਾਰ ਚੌਧਰੀ, ਭੁਪਿੰਦਰ ਸਿੰਘ ਬਾਜਵਾ, ਸੁਖਵਿੰਦਰ ਸਿੰਘ ਸੰਧੂ, ਗੁੱਡੂ ਬਤਰਾ, ਹਲੀਮਾ ਸਾਦੀਆ, ਜਗਮੋਹਨ ਸਿੰਘ, ਮੋਹਿੰਦਰਪਾਲ ਸਿੰਘ ਸਿੱਧੂ ਅਤੇ ਹੀਰਾ ਧਾਰੀਵਾਲ ਵੀ ਸ਼ਾਮਲ ਹੋਏ।

# ਵਾਰਡਜ਼ 3-4 ਤੋਂ ਨਿਸ਼ੀ ਸਿੱਧੂ ਦੇ ਹੱਕ ਵਿਚ ਵੋਟ ਪਾਉਣ ਜੋ ਸਹੀ ਹੱਕਦਾਰ ਹੈ

ਬਰੈਂਪਟਨ :(ਸੁਰਜੀਤ ਸਿੰਘ ਫਲੋਰਾ) ਵਾਰਡਜ਼ 3-4 ਤੋਂ ਨਿਸ਼ੀ ਸਿੱਧੂ ਜੋ ਭਾਰਤ ਵਿਚ ਪੈਦਾ ਹੋਈ ਅਤੇ ਨਿਸ਼ੀ ਆਪਣੇ ਚੰਗੇ ਭਵਿੱਖ ਲਈ ਕੈਨੇਡਾ 'ਚ ਆਈ, ਜਿਥੇ ਉਹ ਦੋ ਬੱਚਿਆਂ ਦੀ ਅਤੇ ਆਪਣੀ ਜ਼ਿੰਦਗੀ ਬਣਾਉਣ ਵਿਚ ਸਫ਼ਲ ਰਹੀ। ਪਿਛਲੇ 35 ਸਾਲਾਂ ਤੋਂ ਲੋਕਾਂ ਨਾਲ ਹਮਦਰਦੀ ਰੱਖਦੇ ਹੋਏ ਉਹਨਾਂ ਦੀਆਂ ਮੁਸ਼ਕਲਾਂ ਨੂੰ ਆਪਣਾ ਸਮਝ ਕੇ ਹੱਲ ਕਰਦੇ ਹੋਏ, ਉਹ ਆਪਣੀ ਸਮਾਜਕ ਭਲਾਈ ਲਈ ਕਮਿਊਨਿਟੀ ਪੈਟਲੁਕਸ ਦੇ ਪ੍ਰਬੰਧਨ ਅਤੇ ਸੰਗਠਿਤ ਪਲਾਟਾਂ ਦੇ ਸਹਿਯੋਗ ਲਈ ਇਮੀਗਰੇਸ਼ਨ ਸੇਵਾਵਾਂ ਵਿਚ ਸਵੈ-ਸੇਵਾ ਕਰਨ ਵਿਚ ਸ਼ਾਮਲ ਹੋ ਗਈ । ਇੰਗਲਿਸ਼, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਪਰਿਵਰਤਿਤ, ਉਹ ਬਰੈਂਪਟਨ ਦੇ ਨਿਵਾਸੀਆਂ ਦੀਆਂ ਆਮ ਚਿੰਤਾਵਾਂ ਨੂੰ ਚੰਗੀ ਤਰ੍ਹਾਂ ਸਮਝ ਦੇ ਯੋਗ ਹੋ ਗਈ। ਨਿਸ਼ੀ ਸਿੱਧੂ 15 ਸਾਲਾਂ ਤੋਂ ਪ੍ਰਾਪਰਟੀ ਮੈਨੇਜਮੇਂਟ ਕੰਪਨੀ ਵਿਚ ਸੀਨੀਅਰ ਮੈਨੇਜਮੈਂਟ ਪੋਜੀਸ਼ਨ



ਤੇ ਕੰਮ ਜਰ ਰਹੀ ਹੈ।

ਦੂਸਰਿਆਂ ਦੀ ਮਦਦ ਕਰਨ ਲਈ ਉਹ ਸਦਾ ਤੱਤਪਰ ਰਹਿੰਦੀ ਹੈ। ਇਥੋ ਤੱਕ ਹੀ ਨਹੀਂ ਬੱਲਕੇ ਨਿਸ਼ੀ ਸਿੱਧੂ ਹਮੇਸ਼ਾ ਦੂਸਰਿਆਂ ਦੇ ਦੁਖ ਸੁਖ ਨੂੰ ਪਹਿਲ ਦੇ ਕੇ ਬਾਅਦ ਵਿਚ ਆਪਣੇ ਆਪ ਨੂੰ ਰੱਖਦੀ ਹੈ। ਉਸ ਨੇ ਬਹੁਤ ਸਾਰੀਆਂ ਸਥਿਤੀਆਂ ਦਾ ਅਨੁਭਵ ਕੀਤਾ ਹੈ, ਜਿਨ੍ਹਾਂ ਨੇ ਉਸ ਦੇ ਵਾਲੰਟੀਅਰਾਂ ਅਤੇ ਪੇਸ਼ੇਵਰ ਕੰਮ ਦੌਰਾਨ ਤੁਰੰਤ ਸੋਚ ਅਤੇ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਨਿਸ਼ੀ ਨੇ ਹਮੇਸ਼ਾਂ ਉਸ ਦੇ ਆਲੇ ਦੁਆਲੇ ਦੇ ਭਾਈਚਾਰੇ 'ਤੇ ਉਸ ਦੀ ਪਹੁੰਚ ਨੂੰ ਸਦਾ ਖਿੜੇ ਮੱਥੇ ਸਵੀਕਾਰਦੇ ਹੋਏ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਹਨ। । ਇਸ ਸਮੇ ਉਹ ਵਾਰਡ 3 ਅਤੇ 4 ਦੇ ਲਈ ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਲੜ ਰਹੀ ਹੈ। ਉਹ ਬਰੈਂਪਟਨ ਸ਼ਹਿਰ ਨੂੰ ਵਧੀਆ ਅਤੇ ਸੁਰੱਖਿਅਤ ਥਾਂ ਬਣਾਉਣ ਵਿੱਚ ਮਦਦ ਕਰ ਸਕਦੀ ਹੈ। ਜਿਸ ਲਈ ਸਾਨੂੰ ਸਭ ਨੂੰ ਮਿਲ ਕੇ ਉਸ ਨੂੰ 22 ਅਕਤੂਬਰ ਨੂੰ ਵੋਟ ਦੇ ਕੇ ਸਿਟੀ ਵਿਚ ਭੇਜਣਾ ਚਹਿੰਦਾ ਹੈ।

ਉਸ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਕੀ ਅਸੀਂ ਚਾਹੁੰਦੇ ਹਾਂ ਕਿ ਅਸੀਂ ਇਸ ਤਰ੍ਹਾਂ ਦੇ ਉਮੀਦਵਾਰਾਂ ਨੂੰ ਵੋਟਾਂ ਦੇ ਕੇ ਜਿਤਾਈਏ, ਜਿਹਨਾਂ ਦਾ ਮਕਸਦ ਸਿਰਫ਼ ਤੇ ਸਿਰਫ਼ ਲੋਕਾਂ ਦੇ ਮਿਹਨਤ ਨਾਲ ਕਮਾਏ ਡਾਲਰਾਂ ਦੀਆਂ ਆਪਣੇ ਮੁਫਾਜਾਂ, ਆਪਣੇ ਪ੍ਰੋਗਰਾਮਾਂ ਲਈ ਗਰਾਂਟਾਂ ਲੈ ਕੇ ਆਪਣੇ ਬੈਂਕ ਅਕਾਊਂਟ ਭਰਨ ਤੱਕ ਹੀ ਸੀਮਤ ਹੋਵੇ।

ਪਿਛਲੇਂ ਦਿਨੀ ਪੰਜਾਬੀ ਪੋਸਟ ਵਿਚ ਛਪੀ ਖ਼ਬਰ ਨਿਸ਼ੀ ਸਿਧੂ ਦੇ ਵੋਟਰ ਬੋਮੈਨ ਨੂੰ ਹਰਾਉਣ ਲਈ ਹਰਪ੍ਰੀਤ ਹੰਸਰੇ ਨੂੰ ਵੋਟ ਦੇਣ ਵਾਲੀ ਖਬਰ ਦਾ ਖੰਡਨ ਕਰਦੇ ਹੋਏ ਨਿਸ਼ੀ ਨੇ ਕਿਹਾ ਕਿ ਜੇਕਰ ਜੈਫ ਬੋਮੈਨ ਤੇ ਇਹ ਅਰੋਪ ਲਾਇਆ ਜਾਂ ਰਿਹਾ ਹੈ ਕਿ ਉਸ ਨੇ ਬਰੈਂਪਟਨ ਲੋਕਾਂ ਦੇ ਮਿਹਨਤ ਨਾਲ ਕਮਾਏ ਡਾਲਰ ਖਰਾਬ ਕੀਤੇ ਹਨ ਤੇ ਹੰਸਰੇ ਨੂੰ ਵੋਟ ਪਾਉ, ਕੀ ਉਸ ਕੋਲ ਬਹੁਤ ਵੱਡੀ ਸੋਚ ਹੈ , ਵਸੀਲੇ ਹਨ ਜੋ ਮੇਰੇ ਕੋਲ ਨਹੀਂ, ਕੋਈ ਵੀ ਕੌਂਸਲਰ ਮਾਂ ਦੇ ਪੇਟ ਵਿਚੋਂ ਜਨਮ ਨਹੀਂ ਲੈਂਦਾ। ਫਿਰ ਜਦੋਂ ਉਹ ਕਿਸੇ ਵੀ ਉਹਦੇ ਤੇ ਪਹੁੰਚਦਾ ਹੈ ਤਾਂ ਰੋਜ਼ਾਨਾਂ ਦਾ ਅਭਿਆਸ ਤੋਂ ਉਹ ਬਹੁਤ ਕੁਝ ਸਿੱਖ ਲੈਂਦਾ ਹੈ।

ਆਖਿਰ ਮੈਂ ਸਭ ਨੂੰ ਇਹ ਹੀ ਬੇਨਤੀ ਕਰਾਗੀ ਕਿ ਸਭ ਵਾਰਡਜ਼ 3-4 ਤੋਂ ਮੈਨੂੰ ਵੋਟ ਦੇ ਕੇ 22 ਅਕਤੂਬਰ ਨੂੰ ਜਿਤਾਉ। ਮੇਰਾ ਤੁਹਡੇ ਨਾਲ ਵਾਅਦਾ ਹੋਵੇਗਾ, ਤੇ ਕਦੇ ਵੀ ਨਿਰਾਸ਼ਾ ਪ੍ਰਾਪਤ ਨਹੀਂ ਹੋਵੇਗੀ।

# ਰੈੱਡ ਵਿੱਲੋ ਕਲੱਬ ਵੱਲੋਂ ਟੂਰ ਅਤੇ ਪਿਕਨਿਕ





(ਹਰਜੀਤ ਬੇਦੀ): ਮਨੁੱਖ ਦੀ ਇਹ ਸੁਭਾਅ ਹੈ ਕਿ ਉਹ ਰੋਜਾਨਾ ਦੀ ਜਿੰਦਗੀ ਤੋਂ ਹਟ ਕੇ ਮਨੋਰੰਜਨ ਕਰਨਾ ਚਾਹੁੰਦਾ ਹੈ। ਇਸੇ ਸੰਧਰਭ ਵਿੱਚ ਰੈਂਡ ਵਿੱਲੋ ਕਲੱਬ ਬਰੈਂਪਟਨ ਦੇ ਲੱਗਪੱਗ 100 ਮੈਂਬਰਾਂ ਨੇ ਪਿਛਲੇ ਦਿਨੀਂ ਸਰ ਕੈਸੀਮੀਰ ਜ਼ੋਵੈਕਸੀ ਪਾਰਕ ਟੋਰਾਂਟੋ ਦਾ ਟੂਰ ਲਾਇਆ ਤੇ ਇਸ ਟਰਿਪ ਸਮੇਂ ਮਨਾਈ ਜਾਣ ਵਾਲੀ ਪਿਕਨਿਕ ਲਈ ਸਾਂਝਾ ਲੰਗਰ ਤਿਆਰ ਕਰਨ ਲਈ ਕਲੱਬ ਦੀਆਂ ਲੇਡੀ ਮੈਂਬਰਜ਼ ਵਿੱਚ ਬਹੁਤ ਹੀ ਉਤਸ਼ਾਹ ਸੀ। ਟੂਰ ਤੋਂ ਪਹਿਲੀ ਸ਼ਾਮ ਨੂੰ ਲੰਗਰ ਲਈ ਸਮਾਨ ਵਗੈਰਾ ਦੀ ਤਿਆਰੀ ਕਰ ਲਈ ਸੀ ਅਤੇ ਟੂਰ ਵਾਲੇ ਦਿਨ ਸਵੇਰੇ ਪੰਜ ਵਜੇ ਤੋਂ ਅੱਠ ਵਜੇ ਤੱਕ ਲੰਗਰ ਜਿਸ ਵਿੱਚ ਮਟਰ ਪਨੀਰ ,ਚਾਵਲ, ਫੁਲਕੇ, ਦਹੀਂ ਅਤੇ ਸਲਾਦ ਆਦਿ ਸ਼ਾਮਲ ਸੀ ਤਿਆਰ ਕਰ ਲਿਆ। ਸਵੇਰੇ 9 ਵਜੇ ਦੋ ਬੱਸਾਂ ਵਿੱਚ ਲੱਗਪੱਗ 100 ਕੁ ਮੈਂਬਰ ਸਵਾਰ ਹੋ ਕੇ ਟੋਰਾਂਟੋ ਲੇਕ ਕਿਨਾਰੇ ਖੂਬਸੂਰਤ ਪਾਰਕ ਲਈ ਰਵਾਨਾ ਹੋ ਗਏ। ਪਾਰਕ ਦੀ ਸੁੰਦਰਤਾ ਮੰਤਰ-ਮੁਗਧ ਕਰਨ ਵਾਲੀ ਸੀ। ਵਿਸ਼ਾਲ ਝੀਲ ਸਾਹਮਣੇ ਕੁਦਰਤੀ ਸੁੰਦਰਤਾ ਦਾ ਖਜਾਨਾ ਖੁੱਲ੍ਹਾ ਹੋਇਆ ਸੀ। ਘਰੋਂ ਲਿਆਂਦੀ ਚਾਹ ਵਗੈਰਾ ਪੀ ਕੇ ਮੈਂਬਰ ਵੱਖ ਵੱਖ ਟੋਲੀਆਂ ਬਣਾ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਲੈਣ ਲਈ ਇਧਰ ਉਧਰ ਘੁੰਮਣ ਲਈ ਚੱਲ ਪਏ।

ਇਸ ਟੂਰ ਨੂੰ ਸਫਲ ਬਣਾਉਨ ਲਈ ਜੋਗਿੰਦਰ ਪੱਡਾ, ਅਮਰਜੀਤ ਸਿੰਘ, ਸ਼ਿਵਦੇਵ ਸਿੰਘ ਰਾਏ, ਪਰਮਜੀਤ ਬੜਿੰਗ, ਇੰਦਰਜੀਤ ਸਿੰਘ ਗਰੇਵਾਲ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਕਲੱਬ ਸਬੰਧੀ ਕਿਸੇ ਵੀ ਪਰਕਾਰ ਦੀ ਜਾਣਕਾਰੀ ਲਈ ਪਰਧਾਨ ਗੁਰਨਾਮ ਸਿੰਘ ਗਿੱਲ 416-908-1300, ਜਨਰਲ ਸਕੱਤਰ ਕੁਲਵੰਤ ਸਿੰਘ 647-202-7696, ਅਮਰਜੀਤ ਸਿੰਘ 418-268-6821,ਪਰਮਜੀਤ ਬੜਿੰਗ 647-963-0331 ਜਾਂ ਸ਼ਿਵਦੇਵ ਸਿੰਘ ਰਾਏ 647-643-6396 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Mann ਜਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

ਜਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ
ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜਟ ਸਿੱਖ, ਵੈਸ਼ਨੂੰ ਲੜਕਾ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, ਧਸਿਟਰਚਿਟ ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੋਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ। 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਉਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

ਗਾਇਕ ਤੇ ਗਿਟਾਰਿਸਟ



Available for all Kinds of Events
Supreet Singh
Singer
647-300-0666
supreetsingh4171@gmail.com

Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Punjabi/Hindi and English Preffered
- Wage will be $15.00 / hour.
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ
Chronic diseases of Men, Women and Children
Home Visit G Singh;
Ph: 416.931.0028
Dr. Edward Bach Flower Remedies

INNOVATION TRANSPORTATION
NEEDED A/Z CITY DRIVER
ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ
○ 7 Days Work ○ All Shifts Available
* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay
NOW HIRING
$22 / Hour
Call : 416- 268-9952
70 Delta Park Blvd, Unit # 4, Brampton

ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

YOUR AD HERE
Check our Free E-paper at:
www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਾਅ

Top 1% Ranked In* Broker

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/GTA Call Jag Today To Sell Your Property For Top $$$ & Accurate Price

(**2016,2015,2014,2013 2012,2011,2010) **(2009,2008) **(RE/MAX International) **(2010) **(2014)
** Based on Commissions earned

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
*Some Conditions Apply

Visit us at: www.jagaujla.com



**BRAMPTON $729,905**
**ਬਵੇਰਡ/ਜੇਮਜ਼ ਪੌਟਰ**
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।

**BRAMPTON $934,905**
**ਏਅਰਪੋਰਟ/ਬ੍ਰਏਡਨ**
ਬਹੁਤ ਸੋਹਣਾ ਅਤੇ ਸਾਫ ਸੁਥਰਾ 4+1 ਬੈਡਰੂਮ ਐਡ 5 ਵਾਸ਼ਰੂਮ ਡਿਟੈਚ ਡਬਲ ਸਟੋਰੀ ਘਰ, ਫਿਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, 9 ਫੁੱਟ ਸਿਲਿੰਗ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਮਾਸਟਰ ਬੈਡਰੂਮ 6 ਪੀਸ ਈਨਸੂਟ, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।

**BRAMPTON $1,069,905**
**ਜੇਮਜ਼ ਪੌਟਰ/ਬੋਣੀ ਬਰੇਸ**
ਬਹੁਤ ਸੋਹਣਾ 4+1 ਬੈਡਰੂਮ ਐਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।

**MISSISSAUGA $879,905**
**ਡੈਰੀ ਰੋਡ/ਹਾਇਵੇ 407**
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਡ 4 ਵਾਸ਼ਰੂਮ ਡਿਟੈਚ ਘਰ, ਫੀਨਿਸ਼ਡ ਬੈਸਮੈਂਟ, ਓਕ ਸਟੇਅਰਕੇਸ , ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਗਰਾਜ਼, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

**BRAMPTON $1,469,905**
**ਗੋਰਵੇ/ਕੰਟਰੀਸਾਇਡ**
ਬਹੁਤ ਹੀ ਸੋਹਣਾ 4 ਬੈਡਰੂਮ ਐਡ 5 ਵਾਸ਼ਰੂਮ ਵਾਸ਼ਰੂਮ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਕਿਚਨ ਨੂੰ ਗ੍ਰੇਨਾਇਟ ਕਾਉਂਟਰ ਟਾਪ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।

**BRAMPTON $1,729,905**
**ਕਵੀਨ/ਮਿਸੀਸਾਗਾ ਰੋਡ**
ਬਹੁਤ ਹੀ ਸੋਹਣਾ 5+1 ਬੈਡਰੂਮ ਐਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

## INTERSTATE FREIGHT SYSTEMS INC.

A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Also Hiring Owner Operators for local work

Please Send Resume at: jgill@interstatefreightsystem.com
Call: 416-452-0677, 647-448-3500 (Monday to Friday | 10am to 5pm)

## REXDALE BODY SHOP

USED CAR SALE



CHEEMA
LOWEST PRICE IN TOWN
Towing Service Car Paint Starts $799* upto 100% Deductible Paid*

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Security Jobs - Security Guard Training - Licensing

GF1

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com

1085 Bellamy Rd (N)
Unit #210 Scarbrough (Toronto)
647-929-7736
Web: www.gf1security.com

REVIVE EMS
CANADIAN RED CROSS Training Partner

## IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.

Please send resume at:
mandeep.karwal@gmail.com
or Drop a Call: 647-649-8100

## ਮੰਨ ਪਸੰਦ ਦੀ ਬੇਸਮੈਂਟ ਬਣਵਾਉ

Tiling | Drywalling | Electric Works

- Complete Furnished Basement
- 1st come, 1st served
- ਬਹੁਤ ਘਟ ਰੇਟ, ਸਮੇ ਸਿਰ ਕੰਮ

ਅੱਜ ਹੀ ਕਾਲ ਕਰੋ: 647-562-5577

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## AZ ਡਰਾਇਵਰਾਂ ਦੀ ਲੋੜ ਹੈ

"New Drivers are welcome"

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਸਿੰਗਲ ਡਰਾਇਵਰ ਦੀ U.S.A ਲਈ ਲੋੜ ਹੈ ਤੇ ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ
416.904.0715 | 647.456.8520

## City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।

ਜਿਆਦਾ ਜਾਣਕਾਰੀ ਲਈ: 647-632-1742

## V4U LOGISTIC INC.

Delivering "Satisfaction"... On Time ...Every Time.

## NOW HIRING

A/Z Drivers Needed
For Canada To US Runs

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile
USA Driver $0.60/mile | Canada wide $0.50/mile

- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ

## PESTAGON Ltd

PEST CONTROL SERVICES
* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL: 905-463-2153

Ants, Wasp, Centepede, Fleas, Bed Bugs

## amar

INTERMODAL · TRANSPORT · STORAGE

HIRING DRIVERS for Ontario and Montreal

Hiring Owner Operators Drivers
1 Year Prior Experience
Flexible in time
Good Salary

Contact Now
P: 905-893-2270 Ext 121
F: 905-893-9545
E: info@amartransport.com
W: www.amartransport.com

Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

## A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।

ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ

- Everyday dedicated run
- Single driver : 600-2000 miles
- Team driver : 5500miles/weel for USA
- Yard to Yard work
- Per miles : $1.45
- Driver Rate : 48 cents

Call Jagtar Raman : (647) 292-5757
(905) 595-0408

## MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :

416 839 0647, 905-598-4640

# ਜ਼ਿੰਦਗੀ ਪੰਜਾਬੀ ਸਾਹਿਤ ਸਿਰਜਣਾ ਦੇ ਲੇਖੇ ਲਾਉਣ ਲਈ ਵਚਨਬੱਧ ਪ੍ਰਸਿੱਧ ਪੰਜਾਬੀ ਕਵੀ : ਗੁਰਚਰਨ ਰਾਮਪੁਰੀ

ਸਤਨਾਮ ਸਿੰਘ ਧਾਹ

ਲੜੀ ਜੋੜਨ ਲਈ ਪਿਛਲੇ ਦੋ ਅੰਕ ਦੇਖੋ

? ਤੁਹਾਡੀਆਂ ਕੁਝ ਕਵਿਤਾਵਾਂ ਦਾ ਰੂਸੀ ਵਿੱਚ ਵੀ ਅਨੁਵਾਦ ਹੋਇਆ ਹੈ। ਉਹ ਕਦੋਂ ਤੇ ਕਿਸ ਨੇ ਕੀਤਾ, ਤੁਹਾਡੀਆਂ ਕਵਿਤਵਾਂ ਦਾ ਰੂਸੀ ਤੋਂ ਇਲਾਵਾ ਹੋਰ ਕਿਹੜੀ ਕਿਹੜੀ ਬੋਲੀ ਵਿੱਚ ਅਨੁਵਾਦ ਹੋਇਆ?

– ਮੇਰੀ ਪਹਿਲੀ ਕਿਤਾਬ "ਕਣਕਾਂ ਦੀ ਖ਼ੁਸ਼ਬੋ" ਸੰਨ 1953 ਵਿੱਚ ਛਪੀ ਸੀ। ਉਨ੍ਹੀਂ ਦਿਨੀਂ ਰੂਸੀ ਕਲਚਰਲ ਡੈਲੀਗੇਸ਼ਨ ਭਾਰਤ ਦੇ ਦੌਰੇ ਤੇ ਆਇਆ ਤਾਂ ਮੈਂ ਆਪਣੀ ਕਿਤਾਬ ਦੀਆਂ ਦੋ ਕਾਪੀਆਂ ਡਾਕ ਵਿੱਚ ਰੂਸੀ ਅੰਬੈਸੀ ਰਾਹੀਂ ਡੈਲੀਗੇਸ਼ਨ ਨੂੰ ਭੇਜ ਦਿਤੀਆਂ। ਇੱਕ ਕਾਪੀ ਮਾਸਕੋ ਨੈਸ਼ਨਲ ਲਾਇਬਰੇਰੀ ਤੇ ਇੱਕ ਕਾਪੀ ਲੈਨਿਨ ਗਾਰਡ ਯੂਨੀਵਰਸਿਟੀ ਵਿੱਚ ਪਹੁੰਚ ਗਈ। ਲੈਨਿਨ ਗਾਰਡ ਯੂਨੀਵਰਸਿਟੀ ਤੋਂ ਲੈ ਕੇ ਮੇਰੀ ਕਿਤਾਬ ਨਤਾਸ਼ਾ ਟਾਲਸਤਾਈਆ ਨੇ ਪੜ੍ਹੀ। ਉਹ ਸਕਾਲਰ ਹਿੰਦੁਸਤਾਨ ਦੀਆਂ ਕਈ ਬੋਲੀਆਂ ਜਾਣਦੀ ਹੈ, ਜਿਵੇਂ: ਹਿੰਦੀ, ਪੰਜਾਬੀ, ਉਰਦੂ ਅਤੇ ਬੰਗਾਲੀ। ਪੰਜਾਬੀ ਵਿੱਚ ਤਾਂ ਉਹ ਲਿਖਦੀ ਵੀ ਹੈ। ਉਹਨੇ ਮੇਰੀਆਂ ਕਵਿਤਾਵਾਂ ਦਾ ਅਨੁ-ਵਾਦ ਕੀਤਾ ਸੀ। ਉਹਨੇ ਚਾਰ ਹੋਰ ਭਾਰਤੀ ਕਵੀਆਂ ਜਿਹੜੇ ਉਸ ਸਮੇਂ ਦੇ ਮੰਨੇ ਪ੍ਰਮੰਨੇ ਜੀਵਤ ਕਵੀ ਸਨ, ਉਨ੍ਹਾਂ ਦੀਆਂ ਕਵਿਤਾਵਾਂ ਦਾ ਵੀ ਅਨੁਵਾਦ ਕੀਤਾ। ਭਾਈ ਵੀਰ ਸਿੰਘ, ਪ੍ਰੋਫੈਸਰ ਮੋਹਣ ਸਿੰਘ, ਧਨੀ ਰਾਮ ਚਾਤ੍ਰਿਕ ਤੇ ਅੰਮ੍ਰਿਤਾ ਪ੍ਰੀਤਮ। ਉਨ੍ਹਾਂ ਵਿੱਚੋਂ ਮੈਂ ਸਭ ਘੱਟ ਲਿਖਣ ਵਾਲਾ ਤੇ ਸਭ ਤੋਂ ਛੋਟੀ ਉਮਰ ਦਾ ਸੀ। "ਕਣਕਾਂ ਦੀ ਖ਼ੁਸ਼ਬੋ" ਵਿੱਚੋਂ ਬਾਰਾਂ ਕਵਿਤਾਵਾਂ ਦਾ ਰੂਸੀ ਵਿੱਚ ਅਨੁਵਾਦ ਛਾਪਿਆ। ਰੂਸੀ ਬੋਲੀ ਵਿੱਚ ਉਸ ਕਿਤਾਬ ਦਾ ਨਾਂਉ "ਪੰਜਾਬੀ ਕਵੀਆਂ ਦੀ ਕਵਿਤਾ" ਸੀ। 1957 ਵਿੱਚ ਸਟੇਟ ਪਬਲਿਸ਼ਰ ਹਾਊਸ ਨੇ ਛਾਪੀ। ਉਸ ਕਿਤਾਬ ਦੀ ਕਾਪੀ ਨਤਾਸ਼ਾ ਨੇ ਨਵਤੇਜ ਹੱਥੀਂ ਮੈਨੂੰ ਭੇਜੀ। ਰੂਸੀ ਮੈਨੂੰ ਆਉਂਦੀ ਨਹੀਂ ਸੀ। ਮੈਂ ਨਵਤੇਜ ਨੂੰ ਕਿਹਾ ਕਿ ਮੈਨੂੰ ਘੱਟੋ ਘੱਟ ਇਹ ਤਾਂ ਦੱਸ ਦਿਉ ਕਿ ਇਨ੍ਹਾਂ ਵਿੱਚ ਮੇਰੀਆਂ ਨਜ਼ਮਾਂ ਕਿਹੜੀਆਂ ਨੇ? ਨਵਤੇਜ ਨੇ ਰੂਸੀ ਅੱਖਰ ਹੌਲ਼ੀ ਹੌਲ਼ੀ ਮੁਸ਼ਕਲ ਨਾਲ ਉਠਾਲ ਕੇ ਪੜ੍ਹੇ ਤੇ ਨਿਸ਼ਾਨੀਆਂ ਲਾ ਦਿੱਤੀਆਂ।

ਉਸ ਅਨੁਵਾਦ ਨੇ ਮੈਨੂੰ ਬੜਾ ਉਤਸ਼ਾਹ ਦਿੱਤਾ। ਉਸ ਸਮੇਂ ਦੇ ਮਹਾਂਰਥੀਆਂ ਦੀ ਕਤਾਰ ਵਿੱਚ ਖੜਾ ਹੋ ਕੇ ਮੈਨੂੰ ਬੜਾ ਮਾਣ ਮਹਿਸੂਸ ਹੋਇਆ। ਇਸੇ ਤਰ੍ਹਾਂ ਮੇਰੀਆਂ ਕਵਿਤਾਵਾਂ ਦੇ ਅਨੁਵਾਦ ਹੋਰ ਬੋਲੀਆਂ ਵਿੱਚ ਵੀ ਹੋਏ, ਜਿਸ ਤਰ੍ਹਾਂ ਅੰਗਰੇਜ਼ੀ ਵਿੱਚ ਅਨੁਵਾਦ ਸੰਤ ਸਿੰਘ ਸੇਖੋਂ, ਸੁਰਜੀਤ ਕਲਸੀ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ ਨੇ ਕੀਤੇ। ਇਨ੍ਹਾਂ ਤੋਂ ਇਲਾਵਾ ਅਮਰੀਕਾ ਵਿੱਚ ਡਾ: ਅੰਮ੍ਰਿਤਜੀਤ ਸਿੰਘ ਨੇ ਇੱਕ ਹੋਰ ਅਮਰੀਕਨ ਕਵਿਤਰੀ ਜੂਡੀ ਰੇਅ ਨਾਲ ਰਲ ਕੇ ਅਨੇਕਾਂ ਕਵਿਤਾਵਾਂ ਦਾ ਅਨੁਵਾਦ ਕੀਤਾ ਹੈ, ਜੋ ਸਮੇਂ ਸਮੇਂ ਅੰਗਰੇਜ਼ੀ ਰਸਾਲਿਆਂ ਵਿੱਚ ਛਪਿਆ ਹੈ। ਉਹ ਅਜੇ ਹੋਰ ਵੀ ਕਰ ਰਹੇ ਹਨ। ਹਿੰਦੀ ਵਿੱਚ ਮੇਰੀਆਂ ਕਵਿਤਾਵਾਂ ਦਾ ਅਨੁਵਾਦ ਡਾ: ਯੋਗੇਂਦਰ ਬਖ਼ਸ਼ੀ, ਜਿਹੜੇ ਪਟਿਆਲਾ ਯੂਨੀਵਰਸਟੀ ਵਿੱਚ ਹੈੱਡ ਆਫ਼ ਦੀ ਡਿਪਾਰਟਮੈਂਟ ਹੁੰਦੇ ਸੀ, ਹੋਰਾਂ ਕੀਤਾ ਅਤੇ ਇਹ ਹਿੰਦੀ ਦੀ ਕਿਤਾਬ ਦਾ ਨਾਂ ਸੀ, "ਪਾਰੇ ਕਾ ਨਗਰ"। ਜਿਸ ਨੂੰ ਚੇਤਨਾ ਪ੍ਰਕਾਸ਼ਨ ਨੇ ਛਾਪਿਆ। ਇਸ ਤੋਂ ਬਿਨਾਂ ਸੰਨ 1960 ਵਿੱਚ ਟਰਾਂਟੋ ਤੋਂ ਡਾ: ਸਟੀਫਨ ਗਿੱਲ ਹੋਰਾਂ ਨੇ ਇੱਕ ਕਿਤਾਬ ਛਾਪੀ, ਜਿਸ ਵਿੱਚ ਸਾਊਥ ਏਸ਼ੀਅਨ ਕਵੀਆਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਉਸ ਦਾ ਨਾਉਂ ਸੀ, "ਗਰੀਨ ਸਨੋਅ" ਉਹਦੇ ਵਿੱਚ ਕੁਝ ਅਨੁਵਾਦ ਜਿਹੜੇ ਅੰਗਰੇਜ਼ੀ ਵਿੱਚ ਕੀਤੇ ਹੋਏ ਸੀ ਛਪੇ ਸਨ। ਮੈਂ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਸ਼ਾਹਮੁਖੀ ਲਿੱਪੀ ਵਿੱਚ ਲਾਹੌਰ ਤੋਂ ਛਾਪਿਆ। ਜਿਹੜੇ ਲੋਕ ਗੁਰਮੁਖੀ ਨਹੀਂ ਜਾਣਦੇ ਉਨ੍ਹਾਂ ਲਈ, ਖ਼ਾਸ ਕਰਕੇ ਲਹਿੰਦੇ ਪੰਜਾਬ ਦੇ ਭਰਾਵਾਂ ਲਈ, ਉਸ ਦਾ ਨਾਂ ਹੈ, "ਸਾਂਝਾ ਅਸਮਾਨ" ਉਸ ਦਾ ਬਹੁਤ ਅੱਛਾ ਹੁੰਗਾਰਾ ਮਿਲਿਆ ਹੈ।

? ਅਨੁਵਾਦ ਦੀ ਗੱਲ ਤੋਂ ਇੱਕ ਹੋਰ ਸਵਾਲ ਮਨ ਵਿੱਚ ਆਉਂਦਾ ਕਿ ਇੱਕ ਕਵੀ ਕਵਿਤਾ ਆਪਣੀ ਮਾਂ ਬੋਲੀ ਵਿੱਚ ਲਿਖਦਾ ਹੈ। ਜਦੋਂ ਉਹੀ ਰਚਨਾ ਕਿਸੇ ਹੋਰ ਬੋਲੀ ਵਿੱਚ ਅਨੁਵਾਦ ਕੀਤੀ ਜਾਂਦੀ ਹੈ, ਕੀ ਕਵਿਤਾ ਦੀ ਉਹੀ ਖ਼ੂਬਸੂਰਤੀ ਦੂਸਰੀ ਬੋਲੀ ਦੇ ਪਾਠਕਾਂ ਤੱਕ ਪਹੁੰਚਦੀ ਹੈ?

– ਮੈਂ ਸਮਝਦਾ ਹਾਂ ਕਿ ਉਹ ਖ਼ੂਬਸੂਰਤੀ



ਪੂਰੀ ਤਰ੍ਹਾਂ ਨਾਲ ਨਹੀਂ ਪਹੁੰਚ ਸਕਦੀ। ਹਾਂ, ਵਿਚਾਰ ਜ਼ਰੂਰ ਪਹੁੰਚ ਜਾਂਦੇ ਹਨ। ਉਹੀ ਖ਼ੂਬਸੂਰਤੀ ਕਾਇਮ ਰੱਖਣੀ ਬੜੀ ਔਖੀ ਹੈ, ਕਿਉਂਕਿ ਹਰੇਕ ਬੋਲੀ ਦੀ ਆਪਣੀ ਖ਼ੂਬਸੂਰਤੀ ਹੈ, ਉਹਦੀ ਆਪਣੀ ਲੈਅ ਅਤੇ ਕਾਫ਼ੀਆ ਰਦੀਫ਼ ਹੈ। ਜਿਹੜਾ ਦੂਸਰੀ ਬੋਲੀ ਵਿੱਚ ਬਿਲਕੁਲ ਨਾ-ਮੁਮਕਨ ਹੈ। ਵੈਸੇ ਤਾਂ ਕਹਿੰਦੇ ਹਨ ਕਿ ਅਨੁਵਾਦ ਅਸਲ ਵਿੱਚ ਫ਼ੇਲ੍ਹ ਹੋਣ ਦੀ ਕਲਾ ਹੈ। ਤੁਹਾਡੀ ਕਾਮਯਾਬੀ ਇਸ ਵਿੱਚ ਹੈ ਕਿ ਤੁਸੀਂ ਫ਼ੇਲ੍ਹ ਕਿੰਨਾ ਘੱਟ ਹੁੰਦੇ ਹੋ। ਦੇਖਣ ਵਾਲੀ ਗੱਲ ਇਹ ਹੈ ਕਿ ਤੁਸੀਂ ਕਿੰਨੀ ਕੁ ਖ਼ੂਬਸੂਰਤੀ ਨਾਲ ਵਿਚਾਰਾਂ ਨੂੰ ਸਹੀ ਰੱਖ ਸਕੇ ਹੋ। ਹੱਦ-ਬੰਦੀਆਂ ਦੇ ਹੁੰਦਿਆਂ ਤੁਸੀਂ ਉਹੀ ਵਿਚਾਰ ਵਧੀਆ ਤਰੀਕੇ ਨਾਲ ਪੇਸ਼ ਕਰਕੇ ਲੋਕਾਂ ਤੱਕ ਪਹੁੰਚਾ ਸਕੋ। ਇਹੋ ਹੀ ਤੁਹਾਡੀ ਕਾਮਯਾਬੀ ਹੈ। ਅੱਜ ਦੇ ਯੁੱਗ ਵਿੱਚ ਅਨੁਵਾਦ ਦੀ ਬੜੀ ਲੋੜ ਹੈ ਕਿਉਂਕਿ ਹੋਰ ਬੋਲੀਆਂ ਵਿੱਚ ਵੀ ਬੜਾ ਕੁਝ ਲਿਖਿਆ ਪਿਆ ਹੈ, ਜਿਹੜਾ ਦੂਸਰੇ ਲੋਕਾਂ ਨਾਲ ਸਾਂਝਾ ਕਰਨ ਯੋਗ ਹੈ। ਜੋ ਦੂਜਿਆਂ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ। ਨਹੀਂ ਤਾਂ ਉਹ ਇੱਕ ਦਾਇਰੇ ਵਿੱਚ ਹੀ ਸੁੰਗੜ ਕੇ ਹੀ ਰਹਿ ਜਾਵੇਗਾ।

? ਇਹ ਮੰਨਿਆ ਜਾਂਦਾ ਕਿ ਹੁਣ ਨਾਲੋਂ ਪਹਿਲਾਂ ਨਸਲੀ ਵਿਤਕਰਾ ਕਾਫ਼ੀ ਜ਼ਿਆਦਾ ਸੀ। ਤੁਸੀਂ ਕੈਨੇਡਾ ਵਿੱਚ ਕਾਫ਼ੀ ਦੇਰ ਤੋਂ ਰਹਿ ਰਹੇ ਹੋ, ਕੀ ਕਦੀ ਕੈਨੇਡਾ ਰਹਿੰਦਿਆਂ ਤੁਹਾਨੂੰ ਨਸਲੀ ਵਿਤਕਰਾ ਵੀ ਭੋਗਣਾ ਪਿਆ?

– ਤੁਸੀਂ ਇਹ ਇੱਕ ਬਹੁਤ ਹੀ ਮਹੱਤਵਪੂਰਨ ਸਵਾਲ ਕੀਤਾ ਹੈ, ਖ਼ੁਸ਼ਕਿਸਮਤੀ ਨਾਲ ਮੈਨੂੰ ਵਿਤਕਰੇ ਦਾ ਕੋਈ ਸਿੱਧਾ ਅਨੁਭਵ ਭੋਗਣਾ ਨਹੀਂ ਪਿਆ। ਕਿਧਰੇ ਦੋ ਤਿੰਨ ਐਸੇ ਮੌਕੇ ਹੋਣਗੇ, ਜਦ ਕਦੇ ਕਿਧਰੇ ਕੋਈ ਕਿਸੇ ਚੁੱਭਦਾ ਬੋਲ ਕਹਿ ਦਿੱਤਾ ਹੋਵੇ। ਪਰ ਹੈ ਇਹ ਇਤਫ਼ਾਕ ਦੀ ਗੱਲ ਹੀ ਮੈਂ ਕਹਾਂਗਾ। ਉਂਝ ਹੋਰ ਬਹੁਤ ਲੋਕਾਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਹੈ। ਮੈਨੂੰ ਆਉਂਦਿਆਂ ਹੀ ਚੰਗਾ ਮਾਹੌਲ ਮਿਲ ਗਿਆ। ਕੈਨੇਡਾ ਆਉਣ ਤੋਂ ਪੰਦਰਾਂ ਦਿਨਾਂ ਬਾਅਦ ਨੌਕਰੀ ਮਿਲ ਗਈ ਤੇ ਉਨ੍ਹਾਂ ਲੋਕਾਂ ਨਾਲ ਵਾਹ ਪਿਆ, ਜਿਹੜੇ ਸਿਆਣੇ ਲੋਕ ਸੀ। ਇਹ ਇਤਫ਼ਾਕ ਦੀ ਗੱਲ ਹੈ। ਮੇਰੀ ਆਪਣੀ ਵਡਿਆਈ ਦੀ ਕੋਈ ਗੱਲ ਨਹੀਂ। ਮੈਂ ਕਹੂੰਗਾ ਇਹ ਉਨ੍ਹਾਂ ਲੋਕਾਂ ਦੀ ਚੰਗਿਆਈ ਦੀ ਗੱਲ ਹੈ ਜਾਂ ਐਸੇ ਮੌਕੇ ਨਾ ਮਿਲਣ ਦੀ ਗੱਲ ਹੈ, ਜੀਹਦੇ ਵਿੱਚ ਤੁਹਾਨੂੰ ਕੋਈ ਮਾੜਾ ਬੰਦਾ ਮਾੜੇ ਸ਼ਬਦ ਕਹਿ ਕੇ ਜਾਂ ਈਰਖਾ ਕਰਕੇ ਨੀਵਾਂ ਦਿਖਾਵੇ। ਪਰ ਇਹਦੇ ਨਾਲ ਹੀ ਜਿਹੜਾ ਬਾਕੀ ਲੋਕਾਂ ਨਾਲ ਵਿਤਕਰਾ ਹੁੰਦਾ ਹੈ, ਮੈਂ ਉਹਦੀ ਚੀਸ ਵੀ ਮਹਿਸੂਸ ਕੀਤੀ ਹੈ। ਇੱਥੇ ਦੇ ਅਸਲੀ ਵਸਨੀਕ ਨੇਟਿਵ ਇੰਡੀਅਨਾਂ ਨਾਲ ਸਭ ਤੋਂ ਵੱਧ ਵਿਤਕਰਾ ਹੋਇਆ ਹੈ। ਉਨ੍ਹਾਂ ਦੀ ਜ਼ਿੰਦਗੀ ਤਾਂ ਹਰ ਪਹਿਲੂ ਤੋਂ ਤਬਾਹ ਹੋ ਗਈ ਹੈ। ਮੈਂ ਉਨ੍ਹਾਂ ਬਾਰੇ ਇੱਕ ਕਵਿਤਾ ਲਿਖੀ ਹੈ, "ਪ੍ਰਦੇਸੀ" ਜਿਹੜੇ ਲੋਕਾਂ ਨਾਲ ਆਪਣੇ ਦੇਸ਼ ਵਿੱਚ ਹੀ ਪ੍ਰਦੇਸੀਆਂ ਨਾਲੋਂ ਕਈ ਗੁਣਾਂ ਮਾੜਾ ਵਰਤਾਉ ਹੋ ਰਿਹਾ ਹੈ। ਉਸੇ ਨਜ਼ਮ ਦੀ ਇੱਕ ਸਤਰ ਹੈ: "ਹੁਣ ਇਹ ਆਪਣੇ ਵਤਨ 'ਚ ਗੁੰਮਿਆ ਪ੍ਰਦੇਸੀ ਹੈ"। ਹੁਣ ਤੁਸੀਂ ਦੇਖ ਰਹੇ ਹੋ ਕਿ ਸਾਡੀ ਬਾਹਰੋਂ ਆਇਆਂ ਦੀ ਜ਼ਿੰਦਗੀ ਚੰਗੇਰੀ ਹੈ, ਪਰ ਨੇਟਿਵ ਇੰਡੀਅਨ ਸ਼ਰਾਬੀ ਤੇ ਗ਼ਰੀਬੀ ਦੀ ਹਾਲਤ ਵਿੱਚ ਰਹਿ ਰਹੇ ਹਨ। ਉਨ੍ਹਾਂ ਦੇ ਬੱਚੇ ਵੇਸਵਾ ਬਣਨ ਲਈ ਮਜ਼ਬੂਰ ਹਨ। ਉਨ੍ਹਾਂ ਦੀ ਜ਼ਿੰਦਗੀ ਬੜੀ ਨਿਰਾਸ਼ ਜ਼ਿੰਦਗੀ ਹੈ। ਮੈਂ ਇਸ ਨਸਲੀ ਵਿਤਕਰੇ ਦਾ ਕੰਡਾ ਮਹਿਸੂਸ ਕੀਤਾ ਤੇ ਉਸ ਪੀੜ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ।

? ਲੱਚਰ ਗੀਤਾਂ ਦਾ ਮੁਹਾਣ ਕਿਵੇਂ ਸ਼ੁਰੂ ਹੋਇਆ, ਰਾਮਪੁਰੀ ਜੀ ਤੁਸੀਂ ਇੱਕ ਕਵੀ ਹੋਣ ਦੇ ਨਾਤੇ ਕੀ ਕਹਿਣਾ ਚਾਹ-ੋਗੇ। ਕੀ ਇਸ ਰੁਝਾਨ ਨੂੰ ਠੱਲ਼ ਪਾਈ ਜਾ ਸਕਦੀ ਹੈ?

– ਦੇਖੋ, ਹਿੰਦੁਸਤਾਨ, ਖ਼ਾਸ ਕਰਕੇ ਸਾਡੇ ਪੰਜਾਬ ਵਿੱਚ ਬਹੁਤ ਸਾਰੀਆਂ ਗੱਲਾਂ ਤੇ ਸਮਾਜਿਕ ਪਾਬੰਦੀਆਂ ਹਨ। ਸਮਾਜ ਨੇ ਅਨੇਕਾਂ ਗੱਲਾਂ ਵਰਜੀਆਂ ਹੋਈਆਂ ਹਨ। ਸਾਡੀ ਹਿਸਟਰੀ ਹੈ ਕਿ ਅਸੀਂ ਵਿਦੇਸ਼ੀ ਹਾਕਮਾਂ ਦੇ ਜ਼ੁਲਮ ਦਾ ਸ਼ਿਕਾਰ ਰਹੇ ਹਾਂ। ਉਨ੍ਹਾਂ ਦੀਆਂ ਵਧੀਕੀਆਂ ਸਹੀਆਂ ਹਨ। ਔਰਤ ਨੂੰ ਪਰਦੇ ਵਿੱਚ ਰੱਖਿਆ ਗਿਆ। ਸਾਡੇ ਸਮਾਜ ਵਿੱਚ ਖੁੱਲ੍ਹੇ ਆਮ ਮਿਲਣ ਦੀ ਮਾੜੀ ਮੋਟੀ ਇਜਾਜ਼ਤ ਵੀ ਪਿਛਲੇ ਪੰਜਾਹ ਸਾਲਾਂ ਤੋਂ ਹੀ ਹੋਈ ਹੈ। ਔਰਤਾਂ ਪੜ੍ਹਨ ਲਿਖਣ ਲੱਗੀਆਂ, ਘਰੋਂ ਬਾਹਰ ਨੌਕਰੀ ਕਰਨ ਤੋਂ ਇਲਾਵਾ ਬਹੁਤ ਸਾਰੇ ਵੱਡੇ ਅਹੁਦਿਆਂ ਤੇ ਵੀ ਲੱਗੀਆਂ ਹਨ। ਇਸ ਗੱਲ ਨਾਲ ਫ਼ਰਕ ਤਾਂ ਭਾਵੇਂ ਪਿਆ, ਪਰ ਜਿਹੜੀ ਪੁਰਾਣੇ ਸਮੇਂ ਤੋਂ ਔਰਤ ਨਾਲ ਵਧੀਕੀ ਹੋਈ, ਉਹਨੂੰ ਦਬਾ ਕੇ ਰੱਖਿਆ ਗਿਆ ਹੈ, ਉਹ ਕਾਫੀ ਹੱਦ ਤੱਕ ਅਜੇ ਤੁਰਿਆ ਹੀ ਆ ਰਿਹਾ ਹੈ। ਮੇਰੇ ਖ਼ਿਆਲ ਵਿੱਚ ਔਰਤ ਪ੍ਰਤੀ ਭੋਖੜੇ ਵਿੱਚੋਂ ਨਿਕਲਦੀ ਹੈ, ਗੰਦੀ ਬੋਲੀ; ਉਹਦੇ ਵਿੱਚੋਂ ਹੀ ਗੰਦੇ ਮਾੜੀ ਭਾਵਨਾ ਵਾਲੇ ਗੀਤ ਨਿਕਲਦੇ ਹਨ। ਮੇਰੇ ਖ਼ਿਆਲ ਵਿੱਚ ਇਹ ਵਿਅਕਤੀ ਅੰਦਰ ਦੱਬੀ ਭੁੱਖ ਦਾ ਹੀ ਪ੍ਰਗਟਾਵਾ ਹੈ। ਜਿਹੜੇ ਰਿਸ਼ਤੇ ਸਾਡੇ ਸਮਾਜ ਵਿੱਚ ਕਬੂਲੇ ਨਹੀਂ ਜਾਂਦੇ, ਉਹ ਫੇਰ ਅਸੀਂ ਗੀਤਾਂ ਰਾਹੀਂ ਲਿਖਦੇ, ਸੁਣਦੇ ਹਾਂ।ਉਹ ਵਿਕਦੇ ਵੀ ਹਨ, ਨਾਲ ਦੀ ਨਾਲ ਅਸੀਂ ਉਨ੍ਹਾਂ ਲਿਖਣ ਗਾਉਣ ਵਾਲਿਆਂ ਨੂੰ ਗਾਲ੍ਹਾਂ ਵੀ ਕੱਢੀ ਜਾਂਦੇ ਹਾਂ। ਇਸ ਨੂੰ ਠੱਲਣ ਦਾ ਇੱਕੋ ਇਲਾਜ ਹੈ ਕਿ ਚੰਗੇ ਗੀਤ ਲਿਖੇ ਜਾਣ। ਚੰਗੇ ਗੀਤ ਸੁਣੇ ਜਾਣ। ਤੁਸੀਂ ਦੇਖੋ ਵਧੀਆ ਗੀਤਕਾਰਾਂ ਦੇ ਗੀਤ ਰਿਕਾਰਡ ਹੋਏ ਲੋਕਾਂ ਨੇ ਗਾਏ ਤੇ ਵਿਕੇ ਵੀ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਦੂਸਰੇ ਦੀ ਲੀਕ ਢਾਹਣ ਨਾਲੋਂ ਆਪ ਵੱਡੀ ਲਕੀਰ ਖਿੱਚੋ, ਸੋ ਲੋੜ ਹੈ ਆਪਣੇ ਆਪ ਨੂੰ ਬਦਲਣ ਦੀ। ਜੇਕਰ ਅਸੀਂ ਲੱਚਰ ਨਹੀਂ ਸੁਣਦੇ, ਨਹੀਂ ਪੜ੍ਹਦੇ, ਨਹੀਂ ਖ਼ਰੀਦਦੇ, ਲੱਚਰ ਗੀਤ ਆਪਣੇ ਆਪ ਪੈਦਾ ਹੀ ਨਹੀਂ ਹੋਵੇਗਾ ਤੇ ਆਪੇ ਠੱਲ ਵੀ ਪੈ ਸਕਦੀ ਹੈ। ਸਤਨਾਮ ਜੀ, ਸਾਨੂੰ ਲੋਕਾਂ ਨੂੰ, ਇਸ ਤਬਦੀਲ਼ੀ ਲਈ ਆਪ ਖੜ੍ਹਨਾ ਪਵੇਗਾ।

? ਰਾਮਪਰੀ ਜੀ, ਤੁਸੀਂ ਆਪਣੇ ਜੀਵਨ ਵਿੱਚ ਵੱਖ-ਵੱਖ ਸਮੇਂ ਵੱਖ-ਵੱਖ ਲਹਿਰਾਂ ਵੇਖੀਆਂ, ਕੀ ਉਹ ਲ਼ਹਿਰਾਂ ਸਮੇਂ ਦੀ ਮੰਗ ਸਨ? ਉਨ੍ਹਾਂ ਵਿੱਚੋਂ ਅਸੀਂ ਕੀ ਖੱਟਿਆ ਕਮਾਇਆ?

– ਮੇਰੀ ਪੀੜ੍ਹੀ ਬੜੇ ਹੋਣੀਆਂ ਭਰੇ ਸਮੇਂ ਵਿੱਚ ਜਿਉਂ ਰਹੀ ਹੈ। ਇਹ ਸਾਡੀ ਖ਼ੁਸ਼ਕਿਸਮਤੀ ਹੈ।1931 ਵਿੱਚ ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫ਼ਾਂਸੀ ਲਾਇਆ ਗਿਆ। ਉਸ ਤੋਂ ਪਹਿਲਾਂ ਗ਼ਦਰ ਲਹਿਰ ਚੱਲ ਚੁੱਕੀ ਸੀ ਅਤੇ ਉਸ ਦਾ ਅਸਰ ਅਜੇ ਚੱਲ ਰਿਹਾ ਸੀ। ਉਸ ਦੌਰਾਨ ਦੇਸ਼ ਭਗਤ ਲੋਕਾਂ ਨੂੰ ਦੇਖਣ ਸੁਣਨ ਦਾ ਮੌਕਾ ਮਿਲਿਆ। ਸਾਡੇ ਤੇ ਬਹੁਤ ਪ੍ਰਭਾਵ ਪਿਆ। ਫੇਰ ਆਜ਼ਾਦੀ ਦਾ ਘੋਲ ਤੇਜ਼ ਹੋਇਆ। ਉਸ ਤੋਂ ਬਾਅਦ ਦੂਜੀ ਵੱਡੀ ਸੰਸਾਰ ਜੰਗ ਹੋਈ, ਜਿਸ ਨਾਲ ਬ੍ਰਤਾਨਵੀ ਸਾਮਰਾਜ ਕਮਜ਼ੋਰ ਹੋਇਆ ਤੇ ਸ਼ੋਸ਼ਲਿਸਟ ਦੇਸ਼ ਤਕੜੇ ਹੋਏ, ਭਾਵੇਂ ਜੰਗ ਵਿੱਚ ਤਬਾਹੀ ਉਨ੍ਹਾਂ ਦੀ ਵੀ ਬਹੁਤ ਹੋਈ। ਪਰ ਪਿੱਛੋਂ ਤਕੜੇ ਹੋ ਕੇ ਬਰਾਬਰ ਦਾ ਬਲੌਕ ਬਣਿਆ। ਫੇਰ 1942 ਅਤੇ 1946 ਵਿੱਚ ਹਿੰਦੁਸਤਾਨ ਵਿੱਚ ਬਗਾਵਤਾਂ ਹੋਈਆਂ। ਅਖ਼ੀਰ 1947 ਵਿੱਚ ਭਾਰਤ ਆਜ਼ਾਦ ਹੋਇਆ, ਪਰ ਉਦੋਂ ਦੇਸ਼ ਦੀ ਵੰਡ ਹੋਈ ਤਾਂ ਦੁੱਖ ਵੀ ਬਹੁਤ ਹੋਇਆ। ਇਨ੍ਹਾਂ ਸਾਰੀਆਂ ਗੱਲਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਤੇ ਮੈਂ ਲਿਖਿਆ। ਇਸ ਤੋਂ ਬਾਅਦ ਅਮਨ ਲਹਿਰ ਚੱਲੀ, ਉਹਦੇ ਬਾਰੇ ਲਿਖਿਆ। ਇਹ ਸਮਾਂ ਤਬਦੀਲੀ ਦਾ ਸਮਾਂ ਸੀ, ਫੇਰ ਕੋਰੀਆ ਦੀ ਜੰਗ ਹੋਈ, ਅਫ਼ਰੀਕਾ, ਏਸ਼ੀਆ ਦੇ ਮੁਲਕ ਆਜ਼ਾਦ ਹੋਏ।

ਉਸ ਤੋਂ ਬਾਅਦ ਨਵੇਂ ਸਾਮਰਾਜ ਦੇ ਹੱਥਕੰਡੇ ਦੇਖੇ। ਨਵੀਆਂ ਲੋਕ-ਲ਼ਹਿਰਾਂ ਵੀ ਚੱਲੀਆਂ ਉਨ੍ਹਾਂ ਦੇ ਦੁੱਖ, ਸਫ਼ਲਤਾਵਾਂ ਅਤੇ ਅਸਫ਼ਲਤਾਵਾਂ ਵੀ ਦੇਖੀਆਂ, ਉਨ੍ਹਾਂ ਬਾਰੇ ਕਵਿਤਾਵਾਂ ਲਿਖੀਆਂ। ਤੁਸੀਂ ਦੇਖੋ ਕਿ ਦੁਨੀਆਂ ਪਿਛਲੇ ਪੰਜਾਹ ਸਾਲਾਂ ਵਿੱਚ ਇੰਨੀ ਬਦਲੀ ਹੈ ਕਿ ਪਿਛਲੇ ਪੰਜ ਹਜ਼ਾਰ ਸਾਲਾਂ ਵਿੱਚ ਸ਼ਾਇਦ ਏਨੀ ਤਬਦੀਲੀ ਨਹੀਂ ਸੀ ਆਈ। ਸਾਇੰਸ ਅਤੇ ਟੈਕਨੌਲੋਜੀ ਨੇ ਲੋਕ ਭਲਾਈ ਦੇ ਨਾਲ ਨਾਲ ਤਬਾਹੀ ਵੀ ਬਹੁਤ ਮਚਾਈ ਹੈ। ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਦੋ ਹੋਰ ਲਹਿਰਾਂ ਚੱਲੀਆਂ, ਜਿਨ੍ਹਾਂ ਨੇ ਬਹੁਤ ਨੁਕਸਾਨ ਪਹੁੰਚਾਇਆ। ਨਕਸਲਬਾੜੀ ਲ਼ਹਿਰ ਸਮੇਂ ਜਿਹੜੇ ਖੱਬੀ ਸੋਚ ਦੇ ਸਿਆਣੇ ਬੰਦੇ ਸੀ, ਉਨ੍ਹਾਂ ਕੁਰਬਾਨੀ ਤਾਂ ਬਹੁਤ ਕੀਤੀ, ਪਰ ਪ੍ਰਾਪਤੀ ਓਨੀ ਨਹੀਂ ਹੋਈ। ਨਕਸਲਬਾੜੀ ਲ਼ਹਿਰ ਵਿੱਚ ਬਹੁਤ ਸਾਰੇ ਸਮਰਥ ਸ਼ਾਇਰ, ਲਿਖਾਰੀ, ਫ਼ਿਲੌਸਫਰ ਤੇ ਬੁਧੀਜੀਵੀ ਸਨ, ਉਹ ਦਲੇਰ ਵੀ ਬਹੁਤ ਸਨ। ਉਨ੍ਹਾਂ ਦੀ ਉਸਾਰੂ ਸੋਚ ਤੇ ਸਖ਼ਸ਼ੀਅਤ ਸਾਡੇ ਕੋਲੋਂ ਸਦਾ ਲਈ ਖੁੱਸ ਗਈ। ਕਿਸੇ ਇੱਕਾ ਦੁੱਕਾ ਭੈੜੇ ਕਿਰਦਾਰ ਦੇ ਸਰਕਾਰੀ ਅਫ਼ਸਰ ਜਾਂ ਪੁਲੀਸ ਅਫ਼ਸਰ ਨੂੰ ਮਾਰਨ ਨਾਲ ਤੁਸੀਂ ਭੈੜੇ ਢਾਂਚੇ ਨੂੰ ਨਹੀਂ ਬਦਲ ਸਕਦੇ। ਉਹਦੇ ਨਾਲ ਹੁੰਦਾ ਇਹ ਹੈ ਕਿ ਮੌਕੇ ਦੀਆਂ ਸਰਕਾਰਾਂ ਦਾ ਆਮ ਲੋਕਾਂ ਉਤੇ ਤਸ਼ੱਦਦ ਵਧ ਜਾਂਦਾ ਹੈ ਤਾਂ ਕਿ ਸਰਕਾਰੀ ਦਹਿਸ਼ਤ ਨਾਲ ਆਮ ਲੋਕਾਂ ਨੂੰ ਡਰਾਇਆ ਜਾ ਸਕੇ। ਤੁਸੀਂ ਦੇਖੋ ਆਜ਼ਾਦੀ ਦੇ ਘੋਲ ਵੇਲੇ ਭਗਤ ਸਿੰਘ ਹੋਰਾਂ ਨੂੰ ਫ਼ਾਸੀ ਨਾ ਚਾੜ੍ਹਿਆ ਹੁੰਦਾ ਤਾਂ ਸ਼ਾਇਦ ਆਪਣੇ ਦੇਸ਼ ਦੀ ਹਾਲਤ ਕੁਝ ਹੋਰ ਹੁੰਦੀ।

ਇਸੇ ਤਰ੍ਹਾਂ ਖਾਲ਼ਿਸਤਾਨੀ ਲ਼ਹਿਰ ਵੀ ਐਸੀ ਲਹਿਰ ਸੀ, ਜਿਸ ਨਾਲ ਕੇਂਦਰ ਦੀ ਸਰਕਾਰ ਨੂੰ 1975 ਵਿੱਚ ਲਾਈ ਐਮਰਜੈਂਸੀ ਮੌਕੇ ਅਕਾਲੀਆਂ ਵੱਲੋਂ ਕੀਤੇ ਵਿਰੋਧ ਦਾ ਬਦਲਾ ਲੈਣ ਲਈ ਲੋਕਾਂ ਤੇ ਤਸ਼ੱਦਦ ਕਰਨ ਦਾ ਮੌਕਾ ਮਿਲ਼ ਗਿਆ। ਜਿਸ ਦੀ ਆਮ ਤੇ ਨਿਰਦੋਸ਼ ਲੋਕਾਂ ਨੂੰ ਬਹੁਤ ਭਾਰੀ ਕੀਮਤ ਦੇਣੀ ਪਈ। ਅਸੀਂ ਜੋ ਵਿਦੇਸ਼ਾਂ ਵਿੱਚ ਬੈਠੇ ਹਾਂ, ਸਾਨੂੰ ਇੱਥੇ ਵੀ ਉਸ ਅੱਗ ਦਾ ਸੇਕ ਲੱਗਾ। ਇੱਥੇ ਵੀ ਲੋਕਾਂ ਤੇ ਜਾਨੀ ਹਮਲੇ ਹੋਏ। ਮੇਰੇ ਤੇ ਵੀ ਹਮਲਾ ਹੋਇਆ, ਪਰ ਮੈਂ ਉਨ੍ਹਾਂ ਲੋਕਾਂ ਨੂੰ ਭੁੱਲੜ ਸਮਝਦਾ ਹਾਂ, ਜਿਨ੍ਹਾਂ ਨੇ ਅਸਲੀ ਦੁਸ਼ਮਣ ਨੂੰ ਨਾ ਪਹਿਚਾਣ ਕੇ ਆਮ ਲੋਕਾਂ ਤੇ ਹਮਲੇ ਕੀਤੇ। ਮੈਂ ਤਾਂ ਆਪਣੇ ਸਮਾਜ ਦਾ, ਆਪਣੀ ਕਮਿਉਨਟੀ ਦਾ ਸਨੇਹੀ ਹਾਂ। ਜੇਕਰ ਮੈਨੂੰ ਕੋਈ ਬੇਲੋੜਾ ਹੀ ਦੁਸ਼ਮਣ ਸਮਝਣ ਲੱਗ ਪਵੇ ਤਾਂ ਮੈਂ ਉਸ ਨੂੰ ਭੁੱਲੜ ਹੀ ਕਹਾਂਗਾ, ਵੈਰੀ ਨਹੀਂ। ਇਸ ਨਾਲ ਸਾਡਾ ਐਨਾ ਨੁਕਸਾਨ ਹੋਇਆ ਕਿ ਹਜ਼ਾਰਾਂ ਹੀ ਨਿਰਦੋਸ਼ ਲੋਕ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮਾਰੇ ਗਏ। ਫੇਰ 329 ਲੋਕ ਏਅਰ ਇੰਡੀਆ ਦੇ ਜਹਾਜ ਵਿੱਚ ਮਾਰੇ ਗਏ। ਇਸ ਲ਼ਹਿਰ ਦੌਰਾਨ ਪੰਜਾਬ ਦਾ ਬੁਰੀ ਤਰ੍ਹਾਂ ਉਜਾੜਾ ਹੋਇਆ। ਪੰਜਾਬ ਲਗਭਗ ਕੰਗਾਲ ਤੇ ਕਰਜ਼ਾਈ ਹੋ ਗਿਆ। ਪੰਜਾਬ ਦੀ ਭੋ਼ਲੀ ਭਾ਼ਲੀ ਜਵਾਨੀ ਦੇ ਜਜ਼ਬਾਤਾਂ ਨੂੰ ਭੜਕਾ ਕੇ ਫਿਰਕਾਪ੍ਰਸਤ ਲੋਕਾਂ ਨੇ ਕੁਰਸੀਆਂ ਹਥਿਆਈਆਂ, ਦੇਸ਼ ਦੀ ਗ਼ਰੀਬ ਜਨਤਾ ਨੂੰ ਦੋਹੀਂ ਹੱਥੀਂ ਲੁੱਟ, ਧਨ ਦੀਆਂ ਪੰਡਾਂ ਦੀਆਂ ਪੰਡਾਂ ਨਾਲ ਦੇਸ਼ ਵਿਦੇਸ਼ ਦੀਆਂ ਬੈਂਕਾਂ ਭਰੀਆਂ ਜਾਂ ਘਰਾਂ ਨੂੰ ਲੈ ਗਏ। ਪੰਜਾਬ ਨੂੰ ਗ਼ਰੀਬੀ ਤੇ ਕੰਗਾਲੀ ਦੇ ਸੰਮੁਦਰ ਵਿੱਚ ਸੁੱਟ ਦਿੱਤਾ। ਸੋ ਇਨ੍ਹਾਂ ਲ਼ਹਿਰਾਂ ਨੇ ਸਾਨੂੰ ਦਿੱਤਾ ਕੁਝ ਨਹੀਂ, ਗੁਆਇਆ ਏਨਾ ਜ਼ਿਆਦਾ ਕਿ ਅਸੀਂ ਪੰਜਾਹ ਸਾਲ ਹੋਰ ਪਿੱਛੇ ਪੈ ਗਏ। ਜਿਹੜਾ ਜਾਨੀਂ ਨੁਕਸਾਨ ਹੋਇਆ ਉਹ ਤਾਂ ਕਦੇ ਵੀ ਪੂਰਾ ਨਹੀਂ ਹੋਣ ਵਾਲਾ। ਅੱਜ ਸਾਨੂੰ ਲੋੜ ਹੈ ਫ਼ਿਰਕਾਪ੍ਰਸਤ ਤੇ ਖ਼ੁਦਗਰਜ਼ ਸਿਆਸਤਦਾਨਾਂ ਨੂੰ ਪਹਿਚਾਣਣ ਦੀ, ਜੋ ਸਾਨੂੰ ਵਰਤ ਕੇ ਆਪਣੇ ਸੁਆਰਥ ਪੂਰੇ ਕਰਦੇ ਤੇ ਕੁਰਸੀ ਦੀ ਖ਼ਾਤਰ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਆਪ ਦੇਸ਼ ਦਾ ਧਨ ਤੇ ਵਜ਼ੀਰੀਆਂ ਲੁੱਟਦੇ ਹਨ।

....ਚਲਦਾ

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਉਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Squire Ellis Dr / DENTISTRY / Countryside Dr
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005
* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL** Forklift Re-Certification Only $69
Open 7 Days
27-B Edvac Drive, Brampton, ON L6S 5X8
Karnail Singh

# ਵਾਰਡ 7, 8 ਤੋਂ

ਹਰਮਨ-ਪਿਆਰੇ ਮਾਰਟਿਨ ਸਿੰਘ ਨੂੰ ਚੁਣੋ

Elect
Martin
Singh ☒
for City Councillor



**Contact Us**
martin@martinsingh.ca 416-937-4166
www.yourbramptonteam.com

- ਮਾਰਟਿਨ ਸਿੰਘ ਨੇ ਡਲਹੌਜ਼ੀ ਯੂਨੀਵਰਸਿਟੀ ਤੋਂ ਕਮਿਸਟਰੀ, ਕੈਮੀਕਲ ਇੰਜਨੀਅਰਿੰਗ ਅਤੇ ਫਾਰਮੇਸੀ ਦੇ ਵਿਸ਼ਿਆਂ ਵਿੱਚ ਡਿਗਰੀਆਂ ਹਾਸਲ ਕੀਤੀਆਂ ਇਸ ਤੋਂ ਇਲਾਵਾ, ਮਾਰਟਿਨ ਨੇ ਸੇਂਟ ਮੇਰੀ ਯੂਨੀਵਰਸਿਟੀ ਤੋਂ ਐਮ.ਬੀ.ਏ ਦੀ ਡਿਗਰੀ ਵੀ ਕੀਤੀ ।
- ਮਾਰਟਿਨ ਸਿੰਘ ਜਨਤਕ ਟੈਕਸ ਦੇ ਸਦਉਪਯੋਗ ਦੇ ਪੱਕੇ ਹਾਮੀ ਹਨ। ਉਹ ਜਨਤਕ ਧਨ ਨੂੰ ਜਨਤਾ ਦੀ ਭਲਾਈ, ਬ੍ਰੈਂਪਟਨ ਦੇ ਵਿਕਾਸ ਅਤੇ ਕਾਰੋਬਾਰੀ ਖੇਤਰਾਂ ਵਿੱਚ ਇਮਾਨਦਾਰੀ ਨਾਲ ਲਗਾਉਣ ਦੇ ਹਾਮੀ ਹਨ। ਮਾਰਟਿਨ ਸਿੰਘ ਬ੍ਰੇਪਟਨ ਨਿਵਾਸੀਆਂ ਨੂੰ ਵਧੀਆ ਰੋਜ਼ਗਾਰ ਵਧੀਆ ਮਿਆਰੀ ਜੀਵਨ ਅਤੇ ਸੁਰੱਖਿਆ ਮੁੱਹਈਆ ਕਰਨ ਦੇ ਮੁੱਦਈ ਹਨ।
- ਮਾਰਟਿਨ ਸਿੰਘ ਇੱਕ ਅਜਿਹੀ ਬਹੁ-ਪੱਖੀ ਸ਼ਖਸੀਅਤ ਹਨ ਕਿ ਆਪਣੇ ਕਿਤੇ ਕਾਰੋਬਾਰ, ਸਮਾਜ ਸੇਵਾ, ਰਾਜਨੀਤੀ ਤੋ ਇਲਾਵਾ ਦੇਸ਼ ਦੀ ਸੁਰੱਖਿਆ ਪ੍ਰਤੀ ਪੂਰੀ ਸਿੱਦਤ ਨਾਲ ਸਮਰਪਿਤ ਹਨ। ਕੈਨੇਡੀਅਨ ਆਰਮਡ ਫੌਜ਼ ਰਿਜ਼ਰਵ ਵਿੱਚ ਕੈਪਟਨ ਦੀਆਂ ਸੇਵਾਂਵਾਂ ਨਿਭਾ ਚੁੱਕੇ ਹਨ ਅਤੇ ਹੁਣ ਬ੍ਰੈਪਟਨ ਵਿੱਚ ਸਥਿਤ 557 ਲਾਰਨ ਸਕਾਟਜ਼ ਰੌਯਲ ਕੈਨੇਡੀਅਨ ਆਰਮੀ ਕਡੇਟ ਕੋਰ ਵਿੱਚ ਆਰਮੀ ਅਫਸਰ ਵਜ਼ੋ ਆਪਣੀਆਂ ਸੇਵਾਵਾਂ ਦੇ ਰਹੇ ਹਨ।




Martin
Singh for City Councillor



VOTE **Rohit Sidhu** ☑

## City Councillor Wards 9&10



"Brampton is my home – I was born in the GTA, raised and educated in Brampton. I have years of experience as an insurance broker and an Honours Political Science degree from the University of Ottawa. I understand the issues that all demographics face – our youth, our families, and our seniors. My goal is to provide the residents of Brampton with fair taxation, responsible spending, and full transparency from City Hall." - Rohit Sidhu.

- Freeze property taxes.
- Advocate for insurance reform.
- Reduce traffic gridlock & create effective means of transportation.
- Demand increased health-care spending and plan for a new hospital to be built in Brampton.
- Improve community safety & awareness - work to end the rise in violence.

| www.rohitsidhu.com | 416-999-1300 |

**ELECTION DAY: OCTOBER 22, 2018**
ADVANCE POLLS: SATURDAY OCTOBER 6 & 13
(Brampton Soccer Centre & Gore Meadows Community Centre)






"I live in downtown Brampton near Gage Park with my wife Genevieve. My family has been in Brampton for decades. We love our City but crime is out of control, taxes are at a record high, traffic is a mess and we lack good local jobs. We need resolve and action on the serious issues that challenge our city. It's time we get Brampton back on track!"

Patrick Brown

VOTE
Oct 22
10 am - 8 pm

- Combat Crime ✓
- Less Congestion ✓
- Freeze City Taxes ✓
- More Jobs ✓
- More Affordable Housing ✓
- Free Seniors Transit ✓
- Better Healthcare ✓
- Better Dental Care ✓
- World Class Stadium ✓

# Elect Harpreet Gill

Ward 1 Toronto District School Board Trustee

- ਸਕੂਲ ਸੇਫਟੀ ਦੀ ਬੇਹਤਰੀ
- ਸਕੂਲਾਂ ਦੇ ਬੁਨਿਆਦੀ ਢਾਂਚਿਆਂ ਦੀ ਮਜ਼ਬੂਤੀ
- ਸਾਂਝੇਦਾਰੀਆਂ ਵਿੱਚ ਵਾਧਾ
- ਨਵੇਂ ਪ੍ਰੋਗਰਾਮਾਂ ਦੀ ਪੇਸ਼ਕਸ਼

Advance Voting: October 10-14, 10am-7pm Locations: North Kipling Community Centre (2 Rowntree Road) and West Acres Seniors Centre (65 Hinton Road)



Education: Honors Bachelor of Health Sciences, Western University and Master of Management, Schulich School of Business

VoteHarpreetGill
@voteforgill
@voteforgill

ਇਟੋਬਿਕੋ ਦੀ ਜੰਮ-ਪਲ
ਹਰਪਰੀਤ ਗਿੱਲ
647-655-1706

Born and raised in Etobicoke North by two working class parents, Harpreet currently resides in this community. Over the years, she has worked with many individuals and organizations in our community to strengthen it. Her priorities are towards building a better community and creating better opportunities for youth.

Elect Harpreet Gill on October 22nd, 2018

info@voteforgill.com
www.voteforgill.com

---

ON OCTOBER 22ND ELECT

# HARKIRAT SINGH

MSc, MBA



## CITY COUNCILLOR - WARDS 9 & 10



### MOVING BRAMPTON FORWARD

For the past four years, I've been your Peel District School Board Trustee for Brampton's Wards 9 and 10 and a Professor at Humber and Lambton College. Now I want to be your voice at City Hall to make Brampton a better place.

Harkirat Singh MSc, MBA

50 Sunny Meadow Blvd
Unit 100
Brampton L6R 1X5

647 209 8000
hello@harkiratsingh.ca
harkiratsingh.ca
iHarkiratSingh

---

ਵਾਰਡ 5 ਮਿਸੀਸਾਗਾ ਤੋਂ ਸਕੂਲ ਟਰੱਸਟੀ ਲਈ ਚੋਣ ਲੜ ਰਹੇ, 20 ਸਾਲ ਤੋਂ ਵੱਧ ਤਜ਼ਰਬੇ ਵਾਲੇ ਐਜੁਕੇਟਰ, ਸਾਬਕਾ ਐਸੋਸੀਏਟ ਪ੍ਰੋਫਸਰ, ਡਬਲ ਐਮ.ਏ. ਅਵਤਾਰ ਗੋਤਰਾ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ

## "EMPOWERING THE COMMUNITY WITH EDUCATION"



ELECT
OCT 22ND, 2018

# AVTAR GHOTRA

Master(Eco),M.L.I.S

TRUSTEE (EP)
PEEL DISTRICT SCHOOL BOARD
WARD 5 MISSISSAUGA

"Let's work together to make it happen.
Vote for me is a vote for you."
-Avtar Ghotra

Postal Codes.
L5R L5S
L4Z L5T
L4T



trust.avtar@gmail.com | Ph: 647.622.7047 | www.AvtarGhotra.ca

---

# ELECT VICKY DHILLON

REGIONAL COUNCILLOR WARDS 9 & 10



## I WILL WORK TO:

- ENHANCE COMMUNITY SAFETY TO REDUCE CRIME
- INVEST IN INFRASTRUCTURE AND CREATE JOBS
- IMPROVE TRANSIT SYSTEMS

ELECTION DAY:
OCTOBER 22, 2018

P: 289.729.1001 | E: INFO@VICKYDHILLON.COM | W: WWW.VICKYDHILLON.COM

@VoteVickyDhillon @Vicky6200Brampton @VickyDhillon10

Authorized by the Vicky Dhillon campaign

---



# ELECT HARNEK RAI

ਰਿਜਨਲ ਕੌਂਸਲਰ ਵਾਰਡ 1 ਅਤੇ 5
22 ਅਕਤੂਬਰ ਨੂੰ ਚੁਣੋ




## ਤੁਹਾਡਾ ਆਪਣਾ ਅਤੇ ਸਦਾ ਨਾਲ ਖੜ੍ਹਨ ਵਾਲਾ ਉਮੀਦਵਾਰ

ਹਰਨੇਕ ਰਾਏ ਇੱਕ ਪੜ੍ਹਿਆ ਲਿਖਿਆ ਤੇ ਸੁਲਝਿਆ ਉਮੀਦਵਾਰ ਹੈ ਜਿਸਨੇ ਖੇਡਾਂ ਤੇ ਸਮਾਜ ਸੇਵਾ ਵਿੱਚ ਸਦਾ ਵੱਧ ਚੜ੍ਹ ਕੇ ਕੰਮ ਕੀਤਾ ਤੇ ਕੋਈ ਪੈਸਾ ਨਹੀਂ ਬਣਾਇਆ ਡਰੱਗਸ ਅਤੇ ਗੈਂਗਵਾਦ ਖ਼ਿਲਾਫ਼ ਸਦਾ ਆਵਾਜ਼ ਉਠਾਈ ਹੈ। ਉਹ ਆਪ ਵੀ ਵਿਸ਼ਵ ਪੱਧਰ ਦਾ ਪਾਵਰਲਿਫਟਰ ਕੋਚ ਰੈਫਰੀ ਤੇ ਪ੍ਰਬੰਧਕ ਹੈ। ਭਾਰਤ ਅਤੇ ਦੂਜੀ ਯੂ ਕੇ ਤੋਂ ਯੂਨੀਵਰਸਿਟੀ ਡਿਗਰੀ ਹਾਸਿਲ ਕੀਤੀ ਹੈ। ਉਸਨੂੰ ਵੋਟ ਪਾ ਕੇ ਸਿਟੀ ਹਾਲ ਭੇਜੋ ਜੋ ਤੁਹਾਡੇ ਲਈ ਇਮਾਨਦਾਰੀ ਨਾਲ ਕੰਮ ਕਰੇਗਾ।

Tel: 416-569-1488
raiharnek@hotmail.com | www.harnekrai.ca
https://www.facebook.com/harnek.s.rai
Campaign Office: 10 Gillingham Dr, #213, Brampton, ON L6X 0G6


ELECT
ETOBICOKE NORTH
CITY COUNCILLOR WARD 1
ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ ਨੂੰ ਪਹਿਲ ਦੇਵਾਗਾਂ
I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure
"ETOBICOKE FIRST"
SHIRISH
PATEL
Cell: 647-296-5681 voteforshirish.ca
Strong Voice. Strong Communities.


RE-ELECT
MARTIN MEDEIROS
BRAMPTON REGIONAL COUNCILLOR FOR WARDS 3 & 4
Delivered Results 2014–2018
Member of the Blue Ribbon Panel that finally brought Brampton's first university
Focus on crime and safety such as supporting the addition of 37 police officers and coordination of stakeholders for a safer city
Lead role in the largest restructuring and modernization of Brampton City Hall to improve customer service and eliminate high salaries and excessive bureaucracy
Delivered Brampton 2040 Vision, a plan for a modern, sustainable, well-planned urban city, including revitalization of our downtown
Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region
My top priority since taking office in 2014 has been to effect change and restore residents' confidence in City Hall.
I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to Move Brampton Forward.
Martin
VOTE MEDEIROS
8975 McLAUGHLIN RD. S UNIT 9
martinmedeiros.ca
OCTOBER 22, 2018
vote@martinmedeiros.ca
647.956.5319
ReelectMartinMedeiros
medeiros_martin
vote_martin_medeiros


ELECT
City of Brampton
Regional Councillor Wards 7 & 8
PAT
FORTINI
MY PRIORITIES ARE TO CONTINUE ADVOCATING FOR:
Crime Prevention & Safety
Accountability & Transparency
Infrastructure
University
LRT & Transit
Job Creation
Health Care & Community Leadership
Our Senior Community
TOGETHER Let's Move Brampton Into The Future
VISIT US AT OUR CAMPAIGN OFFICE
25 KINGS CROSS ROAD (at Knightsbridge & Kings Cross)
CAMPAIGN OFFICE
905-497-7220
CELL PHONE
416-804-2510
PatFortini
Pat_Fortini
www.patfortini.ca
LEADERSHIP • EXPERIENCE • COMMITMENT


ELECT
Brampton City Councillor Candidate Ward 7 & 8
Harveen
DHALIWAL
Community Safety
Accountability & Transprancy
Infrastructure
LRT & Transit
University
Local Job Creation
Our Senior Community
Creating Better Neighbourhoods for our Families and Friends.
Improve our Parks and Recreational Facilities
Educational Background:
Bachelor of Arts at University of Toronto
Masters in Public Administration at Pace University, New York
VISIT US AT OUR CAMPAIGN OFFICE
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • : HarveenDhaliwal
Working Together For A Better Future....
ON OCTOBER 22ND ELECT HARVEEN DHALIWAL

Heart&Stroke™

# ਸਟਰੋਕ ਦੇ ਲੱਛਣ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ – ਝਟਪਟ 911 'ਤੇ ਫ਼ੋਨ ਕਰੋ

Learn the signs, act FAST and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.